# 4

# ਯਰੂਸ਼ਲਮ ਵਿਚ ਉਡੀਕ ਕਰਨਾ

## (1:12-26)

ਪਿਛਲੇ ਪਾਠ ਵਿਚ ਅਸੀਂ ਜ਼ੋਰ ਦਿੱਤਾ ਸੀ ਕਿ ਰਸੂਲਾਂ ਦੇ ਕੰਮ 1 ਅਧਿਆਇ ਵਿਚ ਸਾਨੂੰ ਉਸ *ਤਿਆਰੀ* ਬਾਰੇ ਪਤਾ ਲਗਦਾ ਹੈ ਜੋ ਕਲੀਸੀਆ ਦੀ ਸਥਾਪਨਾ ਤੋਂ ਪਹਿਲਾਂ ਜ਼ਰੂਰੀ ਸੀ। ਅਸੀਂ ਉਸ ਤਿਆਰੀ ਦੇ ਦੋ ਪਹਿਲੂਆਂ ਯਾਨੀ ਪਵਿੱਤਰ ਆਤਮਾ ਅਤੇ ਮਸੀਹ ਦੀ ਵਾਪਸੀ ਦੇ ਵਾਅਦੇ ਤੇ ਧਿਆਨ ਦਿੱਤਾ ਸੀ। ਇਸ ਪਾਠ ਵਿਚ ਅਸੀਂ ਵੇਖਾਂਗੇ ਕਿ ਤਿਆਰੀ ਲਈ ਚੇਲਿਆਂ ਲਈ ਹੋਰ ਕੀ ਕਰਨਾ ਜ਼ਰੂਰੀ ਸੀ। ਤਿਆਰੀ ਦਾ ਇਹ ਪੜਾਅ ਉਦੋਂ ਆਇਆ ਜਦ ਰਸੂਲ ਯਰੂਸ਼ਲਮ ਵਿਚ ਉਡੀਕ ਕਰ ਰਹੇ ਸਨ।

ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ ਸੀ ਕਿ ''*ਯਰੂਸ਼ਲਮ ਤੋਂ ਲੈ ਕੇ* ਸਾਰੀਆਂ ਕੌਮਾਂ ਵਿਚ ਉਹਦੇ ਨਾਮ ਉੱਤੇ ਤੌਬਾ ਅਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ'' ਅਤੇ ਇਹ ਕਿ ''ਜਦ ਤੀਕ [ਉਹ] ਉੱਪਰੋਂ ਸ਼ਕਤੀ ਨਾ'' ਪਾ ਲੈਣ ਤਦ ਤਕ ''*ਸ਼ਹਿਰ* [ਯਰੂਸ਼ਲਮ] ਵਿਚ'' ਹੀ ਠਹਿਰੇ ਰਹਿਣ (ਲੂਕਾ 24:47, 49)। ਫਿਰ ਉਹਨੇ ਉਨ੍ਹਾਂ ਨੂੰ ਦੱਸਿਆ ਕਿ ਪਹਿਲਾਂ ਉਹ ''ਯਰੂਸ਼ਲਮ'' ਵਿਚ ਉਹਦੇ ''ਗਵਾਹ'' ਹੋਣਗੇ (1:8)। ਯਿਸੂ ਦੀ ਇੱਛਾ ਸਪਸ਼ਟ ਸੀ ਕਿ ਉਹ ਚਾਹੁੰਦਾ ਸੀ ਕਿ ਰਸੂਲ ਯਰੂਸ਼ਲਮ ਵਿਚ ਹੀ ਠਹਿਰਨ।

ਨਿੱਜੀ ਤੌਰ ਤੇ ਰਸੂਲਾਂ ਦੀ ਪਸੰਦ ਵਿਚ ਯਰੂਸ਼ਲਮ ਸਭ ਤੋਂ ਪਿੱਛੇ ਆਉਂਦਾ ਹੋਵੇਗਾ। ਯਰੂਸ਼ਲਮ ਵਿਚ ਯਿਸੂ ਨੂੰ ਸਲੀਬ'ਤੇ ਚੜ੍ਹਾਇਆ ਗਿਆ ਸੀ। ਯਰੂਸ਼ਲਮ ਵਿਚ ਉਨ੍ਹਾਂ ਦੇ ਦੁਸ਼ਮਣ ਰਹਿੰਦੇ ਸਨ। ਉਨ੍ਹਾਂ ਨੂੰ ਯਰੂਸ਼ਲਮ ਨਾਲ ਕੋਈ ਲਗਾਅ ਨਹੀਂ ਰਿਹਾ ਸੀ; ਉਨ੍ਹਾਂ ਦੇ ਘਰ ਪਰਿਵਾਰ ਗਲੀਲ ਵਿਚ ਸਨ। ਪਰ ਯਿਸੂ ਨੇ ਕਿਹਾ ਸੀ ਕਿ ਉਹ ਯਰੂਸ਼ਲਮ ਵਿਚ ਰਹਿਣ, ਸੋ ਰਸੂਲਾਂ ਦੇ ਕੰਮ 1:12 ਵਿਚ ਲਿਖਿਆ ਹੈ ਕਿ ''ਤਦ ਉਹ ਉਸ ਪਹਾੜ ਤੋਂ ਜਿਹੜਾ ਜ਼ੈਤੂਨ ਦਾ ਸੱਦੀਦਾ ਹੈ ਅਤੇ ਯਰੂਸ਼ਲਮ ਦੇ ਨੇੜੇ ਇਕ ਸਬਤ ਦੇ ਦਿਨ ਦੀ ਵਾਟ [ਪੌਣਾ ਕੁ ਮੀਲ] ਹੈ ਯਰੂਸ਼ਲਮ ਨੂੰ ਮੁੜੇ।''[1]

ਅਸੀਂ ਅਜ਼ਾਦੀ ਦੇ ਐਲਾਨ ਤੇ ਬੜਾ ਫ਼ਖ਼ਰ ਮਹਿਸੂਸ ਕਰਦੇ ਹਾਂ।[2] ਰਸੂਲ ਯਿਸੂ ਦੇ ਹੁਕਮ ਮੁਤਾਬਕ ਯਰੂਸ਼ਲਮ ਵੱਲ ਮੁੜ ਕੇ, ਆਪਣੀ ''*ਅਧੀਨਤਾ* ਦੇ ਐਲਾਨ'' ਤੇ ਦਸਤਖ਼ਤ ਕਰ ਰਹੇ ਹਨ। ਉਹ ਹਰ ਹਾਲ ਵਿਚ ਪ੍ਰਭੂ ਦੇ ਹੁਕਮ ਦਾ ਪਾਲਣ ਕਰਨ ਲਈ ਅਤੇ ਓਸੇ ਤੇ ਨਿਰਭਰ ਰਹਿਣ ਲਈ ਆਪਣੇ ਆਪ ਨੂੰ ਉਹਦੇ ਸਪੁਰਦ ਕਰ ਰਹੇ ਸਨ!

> ਅਰ ਜਾਂ [ਯਰੂਸ਼ਲਮ] ਪਹੁੰਚੇ ਤਾਂ ਉਸ ਚੁਬਾਰੇ ਉੱਤੇ ਚੜ੍ਹ ਗਏ ਜਿੱਥੇ ਉਹ ਟਿਕਦੇ ਸਨ ਅਰਥਾਤ ਪਤਰਸ ਅਰ ਯੂਹੰਨਾ ਅਰ ਯਾਕੂਬ ਅਰ ਅੰਦ੍ਰਿਆਸ ਅਰ ਫ਼ਿਲਿੱਪੁਸ ਅਰ ਥੋਮਾ ਅਰ ਬਰਥੁਲਮਈ [ਨਥਾਨੀਏਲ] ਅਰ ਮੱਤੀ ਅਰ ਹਲਫ਼ਾ ਦਾ ਪੁੱਤਰ ਯਾਕੂਬ

[ਛੋਟਾ ਯਾਕੂਬ] ਅਰ ਸ਼ਮਊਨ ਜ਼ੇਲੋਤੇਸ[3] ਅਰ ਯਾਕੂਬ ਦਾ ਪੁੱਤਰ ਯਹੂਦਾ [ਥੱਦਈ] (ਆਇਤ 13)।

ਨਵੇਂ ਨੇਮ ਵਿਚ ਰਸੂਲਾਂ ਦੇ ਨਾਵਾਂ ਦੀ ਇਹ ਚੌਥੀ ਅਤੇ ਆਖ਼ਰੀ ਸੂਚੀ ਹੈ।[4] ਇਸ ਸੂਚੀ ਵਿਚ ਫ਼ਰਕ ਇਹੀ ਹੈ ਕਿ ਇਸ ਵਿਚ ਸਿਰਫ਼ ਗਿਆਰਾਂ ਰਸੂਲਾਂ ਦੇ ਹੀ ਨਾਮ ਹਨ; ਯਿਸੂ ਨੂੰ ਫ਼ੜਵਾਉਣ ਵਾਲੇ, ਯਹੂਦਾ ਦਾ ਨਾਮ ਇਸ ਸੂਚੀ ਵਿੱਚੋਂ ਗਾਇਬ ਹੈ।

ਆਇਤ 13 ਦੱਸਦੀ ਹੈ ਕਿ ਰਸੂਲ ਇਕ ਚੁਬਾਰੇ[5] (ਸ਼ਾਇਦ ਉਹੀ ਚੁਬਾਰਾ, ਜਿੱਥੇ ਉਨ੍ਹਾਂ ਨੇ ਯਿਸੂ ਨਾਲ ਆਖ਼ਰੀ ਭੋਜ ਕੀਤਾ ਸੀ[6]) ਵਿਚ ''ਰਹਿ ਰਹੇ ਸਨ।'' ਪਰ ਹੁਣ ਉਹ ਡਰ ਕਾਰਣ ਕਿਸੇ ਹਨ੍ਹੇਰੇ ਕਮਰੇ ਵਿਚ ਇਕੱਠੇ ਨਹੀਂ ਹੋਏ ਸਨ, ਜਿਵੇਂ ਯਿਸੂ ਦੇ ਸਲੀਬ ਚੜ੍ਹਾਏ ਜਾਣ ਦੇ ਫ਼ੌਰਨ ਬਾਅਦ ਉਨ੍ਹਾਂ ਨੇ ਕੀਤਾ ਸੀ (ਯੂਹੰਨਾ 20:19)। ਇਸ ਨੂੰ ਲੂਕਾ ਨੇ ਇੰਜੀਲ ਦੇ ਆਪਣੇ ਵਿਰਤਾਂਤ ਵਿਚ ਇਨ੍ਹਾਂ ਸ਼ਬਦਾਂ ਨਾਲ ਮੁਕਾਇਆ ਹੈ: ''ਅਤੇ ਉਹ ਉਸ ਨੂੰ ਸੀਸ ਨਿਵਾ ਕੇ ਵੱਡੀ ਖੁਸ਼ੀ ਨਾਲ ਯਰੂਸ਼ਲਮ ਨੂੰ ਮੁੜੇ। ਅਰ ਹੈਕਲ ਵਿੱਚ ਨਿੱਤ ਪ੍ਰਮੇਸ਼ਵਰ ਦਾ ਧੰਨਵਾਦ ਕਰਦੇ ਰਹੇ'' (ਲੂਕਾ 24:52, 53)। ਰਸੂਲ ਹੈਕਲ ਵਿਚ ਆਪਣਾ ਸਮਾਂ ਬਿਤਾਉਂਦੇ ਸਨ ਅਤੇ ਹੈਕਲ ਵਿਚ ਰਹਿ ਕੇ ਉਨ੍ਹਾਂ ਨੇ ਲੁਕਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਆਪਣੀਆਂ ਦੁਆਵਾਂ ਖ਼ੁਦਾ ਤਕ ਪਹੁੰਚਾਉਂਦੇ ਸਨ!

ਰਸੂਲਾਂ ਵਿਚ ਕਿੰਨਾ ਬਦਲਾਅ ਆ ਰਿਹਾ ਸੀ-ਉਨ੍ਹਾਂ ਵਿਚ ਇਹ ਬਦਲਾਅ ਇਸ ਲਈ ਆਇਆ ਕਿਉਂਕਿ ਹੁਣ ਉਨ੍ਹਾਂ ਨੂੰ ਜੀ ਉੱਠੇ ਪ੍ਰਭੂ ਵਿਚ ਵਿਸ਼ਵਾਸ ਸੀ!

## ਸਬੰਧ ਮਜ਼ਬੂਤ ਹੁੰਦੇ ਹਨ (1:12-14)

ਰਸੂਲ ਹੈਕਲ ਵਿਚ ਚੁਬਾਰੇ ਤੇ ਸਮਾਂ ਗੁਜ਼ਾਰਦਿਆਂ ਆਪਣੀ ਤਿਆਰੀ ਦੇ ਜਿਸ ਔਖੇ ਹਿੱਸੇ ਨੂੰ ਸਹਿ ਰਹੇ ਸਨ ਉਹ *ਇੰਤਜ਼ਾਰ* ਦਾ ਸਮਾਂ ਸੀ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਉਡੀਕ ਕਰਨਾ ਚੰਗਾ ਨਹੀਂ ਲਗਦਾ। ਤਿਆਰੀ ਕਰਨ ਵਿਚ ਸਮਾਂ ਲਗਦਾ ਹੈ, ਪਰ ਉਨ੍ਹਾਂ ਨੂੰ ਇਸ ਗੱਲ ਦੀ ਜ਼ਰਾ ਵੀ ਪਰਵਾਹ ਨਹੀਂ ਸੀ ਕਿ ਇਸ ਵਿਚ ਕਿੰਨਾ ਸਮਾਂ ਲੱਗੇਗਾ। ਰਸੂਲਾਂ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਹੋਰ ਕਿੰਨੀ ਉਡੀਕ ਕਰਨੀ ਪਵੇਗੀ। ਯਿਸੂ ਨੇ ਉਨ੍ਹਾਂ ਨੂੰ ਐਨਾ ਹੀ ਦੱਸਿਆ ਸੀ ਕਿ ''ਥੋੜ੍ਹੇ ਦਿਨਾਂ ਪਿੱਛੋਂ'' ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲੇਗਾ, ਪਰ ਇਹ ਸਮਾਂ ਹਫ਼ਤੇ, ਮਹੀਨੇ ਜਾਂ ਫਿਰ ਸਾਲਾਂ ਦਾ ਵੀ ਹੋ ਸਕਦਾ ਸੀ।[7] ਜੇ ਪ੍ਰਭੂ ਦੀ ਇਹੀ ਇੱਛਾ ਸੀ ਤਾਂ ਉਹ ਉਡੀਕ ਕਰ ਸਕਦੇ ਸਨ। ਸਾਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ। ''ਯਹੋਵਾਹ ਨੂੰ ਉਡੀਕ, ਤਕੜਾ ਹੋ ਅਤੇ ਤੇਰਾ ਮਨ ਦਲੇਰ ਹੋਵੇ, ਹਾਂ, ਯਹੋਵਾਹ ਨੂੰ ਹੀ ਉਡੀਕ'' (ਜ਼ਬੂਰਾਂ ਦੀ ਪੋਥੀ 27:14)।

ਇਸ ਤੋਂ ਸਾਨੂੰ ਦੂਜਿਆਂ ਨਾਲ ਉਡੀਕ ਕਰਨ ਵਿਚ ਮਦਦ ਮਿਲਦੀ ਹੈ। ਆਇਤ 14 ਉਨ੍ਹਾਂ ਬਾਰੇ ਵੀ ਦੱਸਦੀ ਹੈ ਜੋ ਰਸੂਲਾਂ ਦੇ ਨਾਲ ਉਡੀਕ ਕਰ ਰਹੇ ਸਨ: ''ਇਹ ਸਭ ਇਕ ਮਨ ਹੋ ਕੇ ਇਸਤਰੀਆਂ ਅਤੇ ਯਿਸੂ ਦੀ ਮਾਤਾ ਮਰਿਯਮ ਅਤੇ ਉਹਦੇ ਭਰਾਵਾਂ ਦੇ ਨਾਲ ਲਗਾਤਾਰ ਪ੍ਰਾਰਥਨਾ ਕਰਦੇ ਰਹੇ।'' ਅਗਲੀ ਆਇਤ ਦੱਸਦੀ ਹੈ ਕਿ ਇਕ ਥਾਂ ਉਹ 120 ਦੇ ਲਗਭਗ ਇਕੱਠੇ ਸਨ।[8] ਇਹ ਮੰਡਲੀ ਕਿੰਨੀ ਦਿਲਚਸਪ ਹੋਵੇਗੀ। ਉਨ੍ਹਾਂ ਵਿਚ ''ਔਰਤਾਂ'' ਸਨ। ਹੋ ਸਕਦਾ ਹੈ ਕਿ ਉਨ੍ਹਾਂ ਵਿਚ ਮਰਿਯਮ ਅਤੇ ਮਾਰਥਾ[9] ਵੀ ਜ਼ਰੂਰ ਹੋਣ, ਰਸੂਲਾਂ[10] ਦੀਆਂ

ਪਤਨੀਆਂ ਵੀ ਹੋਣਗੀਆਂ, ਉਹ ਔਰਤਾਂ ਵੀ ਹੋਣਗੀਆਂ ਜਿਨ੍ਹਾਂ ਨੇ ਯਿਸੂ ਅਤੇ ਉਨ੍ਹਾਂ ਦੇ ਚੇਲਿਆਂ ਦੀ ਸੇਵਾ ਕੀਤੀ ਸੀ, [11] ਉਹ ਵੀ ਹੋਣਗੀਆਂ ਜੋ ਸਲੀਬ ਤੇ ਚੜ੍ਹਾਏ ਜਾਣ ਸਮੇਂ ਯਿਸੂ ਦੇ ਲਾਗੇ ਸਨ।[12] ਅਤੇ ਉਹ ਔਰਤਾਂ ਵੀ ਜੋ ਯਿਸੂ ਦੀ ਲਾਸ਼ ਤੇ ਸੁਗੰਧਿਤ ਵਸਤਾਂ ਲਾਉਣ ਗਈਆਂ ਸਨ।[13] ਯਿਸੂ ਦੀ ਮਾਤਾ ਦੇ ਉੱਥੇ ਹੋਣ ਦਾ ਜ਼ਿਕਰ ਖ਼ਾਸ ਤੌਰ ਤੇ ਕੀਤਾ ਗਿਆ ਹੈ (ਬਾਈਬਲ ਵਿਚ ਉਹਦਾ ਇਹ ਆਖ਼ਰੀ ਜ਼ਿਕਰ ਹੈ[14])।

ਅੱਗੇ, ਯਿਸੂ ਦੇ ਭਰਾਵਾਂ ਦੇ ਨਾਂ ਦਿੱਤੇ ਗਏ ਹਨ। ਯਿਸੂ ਦੀ ਮੌਤ ਤੋਂ ਪਹਿਲਾਂ ਉਹਦੇ ਭਰਾਵਾਂ ਨੇ ਉਸ ਤੇ ਵਿਸ਼ਵਾਸ ਨਹੀਂ ਕੀਤਾ ਸੀ (ਯੂਹੰਨਾ 7:5)। ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਨੇ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਯਾਕੂਬ ਨੂੰ ਉਚੇਚਾ ਦਰਸ਼ਣ ਦਿੱਤਾ[15]। ਬੇਸ਼ੱਕ, ਯਾਕੂਬ ਨੇ ਜੋ ਕੁਝ ਵੇਖਿਆ ਸੀ ਉਹ ਉਹਨੇ ਆਪਣੇ ਦੂਜੇ ਭਰਾਵਾਂ ਯੂਸ਼ਫ਼, ਸ਼ਮਊਨ ਅਤੇ ਯਹੂਦਾ ਨੂੰ ਵੀ ਦੱਸਿਆ (ਮੱਤੀ 13:55)। ਹੁਣ ਉਹ ਸਭ ਰਸੂਲਾਂ ਨਾਲ ਮਿਲ ਗਏ ਸਨ।

ਉਹ ਲੋਕ ਵੀ ਉਸ ਸਮੇਂ ਉਨ੍ਹਾਂ ਨਾਲ ਹੋਣਗੇ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ-ਲਾਜ਼ਰ, ਨਿਕੁਦੇਮੁਸ, ਅਰਮਿਤਿਆਹ ਦਾ ਰਹਿਣ ਵਾਲਾ ਯੂਸ਼ੁਫ਼, ਜ਼ੱਕਈ ਆਦਿ। ਕਿੰਨੀ ਖਿੱਚ ਹੋਵੇਗੀ ਇਸ ਮੰਡਲੀ ਵਿਚ। ਤੁਸੀਂ ਜਾਣਨਾ ਨਹੀਂ ਚਾਹੋਗੇ ਕਿ ਉਡੀਕ ਕਰਦਿਆਂ ਉਹ ਕੀ ਗੱਲਾਂ ਕਰਦੇ ਹੋਣਗੇ? ਤੁਹਾਨੂੰ ਉਨ੍ਹਾਂ ਦੀ ਬੇਕਰਾਰੀ ਦਾ ਪਤਾ ਨਹੀਂ ਹੈ ਜੋ ਦਿਨ-ਬ-ਦਿਨ ਵਧਦੀ ਜਾ ਰਹੀ ਸੀ?

ਹੋ ਸਕਦਾ ਹੈ ਕਿ ਸਾਨੂੰ ਉਨ੍ਹਾਂ ਦੀ ਉਡੀਕ ਬਾਰੇ ਕੁਝ ਪਤਾ ਨਾ ਲਗ ਸਕੇ, ਪਰ ਛੋਟੀ ਜਿਹੀ ਮੰਡਲੀ ਦੀਆਂ ਬਹੁਤ ਸਾਰੀਆਂ ਗੱਲਾਂ ਸਾਨੂੰ ਪਤਾ ਹਨ। ਉਨ੍ਹਾਂ ਦੇ ਇਕ ਕੰਮ ਦਾ ਖ਼ਾਸ ਤੌਰ ਤੇ ਜ਼ਿਕਰ ਆਇਆ ਹੈ: ਉਹ ਦੁਆ ਵਿਚ ਲੱਗੇ ਰਹਿੰਦੇ ਸਨ (ਰਸੂਲਾਂ ਦੇ ਕੰਮ 1:14)। ਲੂਕਾ 24:53 ਸਾਨੂੰ ਦੱਸਦਾ ਹੈ ਕਿ ਉਹ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਸਨ। ਦੁਆ ਕਰਦੇ ਚੇਲਿਆਂ ਬਾਰੇ ਅਸੀਂ ਪਹਿਲੀ ਵਾਰ ਇੱਥੇ ਪੜ੍ਹਦੇ ਹਾਂ, [16] ਪਰ ਇਹ ਉਨ੍ਹਾਂ ਦੀ ਆਖ਼ਰੀ ਦੁਆ ਨਹੀਂ ਸੀ। ਰਸੂਲਾਂ ਦੇ ਕੰਮ ਦੀ ਕਿਤਾਬ ਦੇ ਲਗਭਗ ਹਰ ਸਫ਼ੇ ਤੇ ਦੁਆ ਦਾ ਜ਼ਿਕਰ ਹੈ।

ਸਾਨੂੰ ਰਸੂਲਾਂ ਦੇ ‘‘ਇਕ ਮਨ’’ ਹੋਣ ਦਾ ਪਤਾ ਲਗਦਾ ਹੈ: ‘‘ਇਹ ਸਭ ਇਕ ਮਨ ਹੋ ਕੇ ... ਪ੍ਰਾਰਥਨਾ ਕਰਦੇ ਰਹੇ’’ (ਰਸੂਲਾਂ ਦੇ ਕੰਮ 1:14)। ‘‘ਇਕ ਮਨ’’ ਸ਼ਬਦ ਦਾ ਜ਼ਿਕਰ ਰਸੂਲਾਂ ਦੇ ਕੰਮ ਵਿਚ ਛੇ ਵਾਰ ਹੋਇਆ ਹੈ। ਉਡੀਕ ਕਰਨ ਲਈ ਇਕੱਠਾ ਹੋਣ ਵਾਲਿਆਂ ਦੀ ਕਲਪਨਾ ਕਰੋ। ‘‘ਇਕ ਮਨ’’ ਉਹ ਐਵੇਂ ਹੀ ਨਹੀਂ ਹੋ ਗਏ ਸਨ: ਉਨ੍ਹਾਂ ਵਿੱਚੋਂ ਕਈਆਂ ਵਿਚ ਸਲੀਬ ਤੇ ਯਿਸੂ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਹੀ ਝਗੜਾ ਹੋਇਆ ਸੀ (ਲੂਕਾ 22:24)। ਕਈ ਤਾਂ ਪ੍ਰਭੂ ਨੂੰ ਛੱਡ ਵੀ ਗਏ ਸਨ ਜਾਂ ਉਹਦਾ ਇਨਕਾਰ ਕਰ ਗਏ ਸਨ। (ਕਿਸੇ ਤੇ ਇਲਜ਼ਾਮ ਲਾਉਣ ਕਿੰਨਾ ਸੌਖਾ ਹੋਵੇਗਾ!) ਯਿਸੂ ਦੇ ਭਰਾ ਜੋ ਉਹਦਾ ਮਜ਼ਾਕ ਉਡਾਉਂਦੇ ਸਨ, ਹੁਣ ਉਹਦੇ ਚੇਲਿਆਂ ਨਾਲ ਮਿਲ ਕੇ ਬੈਠਣ ਲੱਗ ਪਏ ਸਨ। ਇਸ ਮੰਡਲੀ ਦੇ ‘‘ਇਕ ਮਨ’’ ਹੋਣ ਲਈ ਕੁਝ ਅੱਥਰੂ ਵਗੇ ਹੋਣਗੇ; ਕੁਝ ਆਕੜ ਛੱਡਣੀ ਪਈ ਹੋਵੇਗੀ। ਇਨ੍ਹਾਂ ਚੇਲਿਆਂ ਦੇ ਮਨ ਵਿਚ ਏਕਤਾ ਇਸ ਲਈ ਆ ਸਕੀ ਕਿਉਂਕਿ ਉਹ ਆਪਣੇ ਇਸ ਵਿਸ਼ਵਾਸ ਵਿਚ ਇਕ ਸਨ ਕਿ ਪ੍ਰਭੂ ਜੀ ਉੱਠਿਆ ਹੈ!

‘‘ਯਹੋਵਾਹ ਦੀ ਉਡੀਕ’’ ਲਈ ਇਸ ਨਾਲੋਂ ਚੰਗੀ ਗੱਲ ਹੋਰ ਕੋਈ ਨਹੀਂ ਹੋ ਸਕਦੀ ਕਿ ਅਸੀਂ ਆਪਣੇ ਨਾਲ, ਪ੍ਰਮੇਸ਼ਵਰ ਦੇ ਨਾਲ ਅਤੇ ਮਸੀਹੀ ਭਾਈਆਂ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰੀਏ!

## ਖਾਲੀ ਹੋਏ ਥਾਂ ਨੂੰ ਭਰਨ ਲਈ ਨਿਯੁਕਤੀ (1:15-26)

ਉਡੀਕ ਕਰਦਿਆਂ ਰਸੂਲਾਂ ਅਤੇ ਦੂਜੇ ਚੇਲਿਆਂ ਲਈ ਇਕ ਹੋਰ ਕੰਮ ਕਰਨਾ ਜ਼ਰੂਰੀ ਸੀ: ਉਹਨਾਂ ਨੇ ਯਹੂਦਾ ਵੱਲੋਂ ਖਾਲੀ ਕੀਤੇ ਥਾਂ ਨੂੰ ਭਰਨ ਦਾ ਕੰਮ ਪੂਰਾ ਕਰਨਾ ਸੀ। 1:21, 22 ਵਿਚ ਪਤਰਸ ਨੇ ਕਿਹਾ, ''... ਚਾਹੀਦਾ ਹੈ ਕਿ ਇਨ੍ਹਾਂ ਵਿੱਚੋਂ ਇਕ ਸਾਡੇ ਨਾਲ ਉਹਦੇ [ਅਰਥਾਤ ਯਿਸੂ ਦੇ] ਜੀ ਉੱਠਣ ਦਾ ਗਵਾਹ ਹੋਵੇ।'' ਪੈਂਟੀਕਾਸਟ ਵਾਲੇ ਦਿਨ ਤੋਂ ਪਹਿਲਾਂ ਪਹਿਲਾਂ ਖਾਲੀ ਹੋਏ ਅਹੁਦੇ ਨੂੰ ਭਰਨਾ ਜ਼ਰੂਰੀ ਸੀ।

ਇਹ ਥਾਂ ਭਰਨਾ ਜ਼ਰੂਰੀ ਕਿਉਂ ਸੀ? ਇਹ ਕੋਈ ਨਵੀਂ ਰਵਾਇਤ ਸ਼ੁਰੂ ਕਰਨ ਲਈ ਨਹੀਂ ਸੀ ਕਿ ਹਰੇਕ ਰਸੂਲ ਦੇ ਮਰਨ ਦੇ ਬਾਅਦ ਉਹਦੀ ਥਾਂ ਕਿਸੇ ਹੋਰ ਨੂੰ ਨਿਯੁਕਤ ਕੀਤਾ ਜਾਵੇ। ਯੂਹੰਨਾ ਦੇ ਭਰਾ ਯਾਕੂਬ ਦੀ ਮੌਤ ਦੇ ਬਾਅਦ (ਰਸੂਲਾਂ ਦੇ ਕੰਮ 12:2) ਉਹਦੀ ਥਾਂ ਕਿਸੇ ਹੋਰ ਨੂੰ ਨਿਯੁਕਤ ਕਰਨ ਦਾ ਕੋਈ ਜ਼ਿਕਰ ਨਹੀਂ ਹੈ। ਪਰ ਪਤਰਸ ਨੇ ਕਿਹਾ ਕਿ ਯਹੂਦਾ ਦੀ ਥਾਂ ਭਰੀ ਜਾਣੀ ਜ਼ਰੂਰੀ ਸੀ ਕਿਉਂਕਿ ਉਹ ''ਇਸ ਸੇਵਾ ਅਤੇ ਸ਼ਗਿਰਦੀ ਦੀ ... ਜਗ੍ਹਾ ... ਤੋਂ ... ਡਿੱਗਿਆ'' ਸੀ (ਆਇਤ 25)। ਯਹੂਦਾ ਦੀ ਥਾਂ ਭਰੀ ਜਾਣੀ ਜ਼ਰੂਰੀ ਸੀ, ਇਸ ਲਈ ਨਹੀਂ ਕਿ ਉਹ ਮਰ ਗਿਆ ਸਗੋਂ ਇਸ ਲਈ ਕਿ ਉਹ ਡਿੱਗ ਗਿਆ ਸੀ।

ਉਨ੍ਹਾਂ ਨੇ ਯਹੂਦਾ ਦੀ ਥਾਂ ਇਕ ਹੋਰ ਆਦਮੀ ਦੀ ਨਿਯੁਕਤੀ ਦੀ ਲੋੜ ਨੂੰ ਮਹਿਸੂਸ ਕੀਤਾ ਤਾਂ ਜੋ ਪਵਿੱਤਰ ਆਤਮਾ ਦੇ ਆਉਣ ਤਕ ਰਸੂਲਾਂ ਦੀ ਮੰਡਲੀ ਫੇਰ ਤੋਂ ਬਾਰਾਂ ਬਣ ਕੇ, ਮਜ਼ਬੂਤ ਹੋ ਜਾਵੇ। ਸਾਨੂੰ ਹੈਰਾਨੀ ਹੁੰਦੀ ਹੈ ਕਿ ''ਪੈਂਟੀਕਾਸਟ ਵਾਲੇ ਦਿਨ *ਬਾਰਾਂ* ਰਸੂਲਾਂ ਦਾ ਹੋਣਾ ਕਿਉਂ ਜ਼ਰੂਰੀ ਸੀ?'' ਇਹ ਵੀ ਇਕ ਵਧੀਆ ਸਵਾਲ ਹੋਵੇਗਾ ਕਿ ''ਯਿਸੂ ਨੇ *ਪਹਿਲੀ ਥਾਂ* ਦਸ, ਪੰਦਰਾਂ ਜਾਂ ਵੀਹ ਦੇ ਬਜਾਏ ਬਾਰਾਂ ਲੋਕਾਂ ਨੂੰ ਹੀ ਕਿਉਂ ਰੱਖਿਆ?'' ਜ਼ਾਹਰ ਹੈ ਕਿ ਯਿਸੂ ਨੇ ਬਾਰਾਂ ਦੀ ਚੋਣ ਇਸਰਾਏਲ ਦੀਆਂ ਬਾਰਾਂ ਗੋਤਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਸੀ। ਆਪਣੀ ਨਿੱਜੀ ਸੇਵਕਾਈ ਦੌਰਾਨ ਉਸਨੇ ਆਪਣੇ ਚੇਲਿਆਂ ਨੂੰ ਮਿਲਣ ਵਾਲੇ ਇਨਾਮ ਬਾਰੇ ਇਨ੍ਹਾਂ ਸ਼ਬਦਾਂ ਵਿਚ ਕਿਹਾ ਸੀ, ''ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਦ ਮਨੁੱਖ ਦਾ ਪੁੱਤਰ ਨਵੀਂ ਸਰਿਸ਼ਟ ਵਿੱਚ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ ਤਦ ਤੁਸੀਂ ਵੀ ਜੋ ਮੇਰੇ ਮਗਰ ਹੋ ਤੁਰੇ ਹੋ ਬਾਰਾਂ ਸਿੰਘਾਸਣਾਂ ਉੱਤੇ ਬੈਠੋਗੇ ਅਤੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ'' (ਮੱਤੀ 19:28)। ਫਿਰ ਆਖ਼ਰੀ ਭੋਜ ਸਮੇਂ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਸੀ:

> ਅਤੇ ਤੁਸੀਂ ਉਹੋ ਹੀ ਹੋ ਜੋ ਮੇਰੇ ਪਰਤਾਵਿਆਂ ਵਿਚ ਸਦਾ ਮੇਰੇ ਨਾਲ ਰਹੇ। ਜਿਵੇਂ ਮੇਰੇ ਪਿਤਾ ਨੇ ਮੇਰੇ ਲਈ ਇੱਕ ਰਾਜ ਠਹਿਰਾਇਆ ਹੈ ਤਿਵੇਂ ਮੈਂ ਤੁਹਾਡੇ ਲਈ ਠਹਿਰਾਉਂਦਾ ਹਾਂ। ਤਾਂ ਜੋ ਤੁਸੀਂ ਮੇਰੇ ਰਾਜ ਵਿੱਚ ਮੇਰੀ ਮੇਜ਼ ਉੱਤੇ ਖਾਓ ਪੀਓ ਅਤੇ ਤੁਸੀਂ ਸਿੰਘਾਸਣਾਂ ਤੇ ਬੈਠ ਕੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ (ਲੂਕਾ 22:28-30)।

ਇਨ੍ਹਾਂ ਆਇਤਾਂ ਨੂੰ ਵੇਖ ਕੇ ਤੁਸੀਂ ਇਸ ਉਲਝਣ ਵਿਚ ਨਾ ਪੈ ਜਾਓ ਕਿ ਰਸੂਲਾਂ ਨੇ ਉਨ੍ਹਾਂ ਦਾ ਨਿਆਂ ਕਿਵੇਂ ਕੀਤਾ (ਉਨ੍ਹਾਂ ਨੇ ਵਚਨ ਰਾਹੀਂ ਉਨ੍ਹਾਂ ਦਾ ਨਿਆਂ ਕੀਤਾ[17]) ਸਗੋਂ *ਬਾਰਾਂ* ਰਸੂਲਾਂ, *ਬਾਰਾਂ* ਸਿੰਘਾਸਣਾਂ ਅਤੇ *ਬਾਰਾਂ* ਗੋਤਾਂ ਤੇ ਦਿੱਤੇ ਗਏ ਜ਼ੋਰ ਵੱਲ ਧਿਆਨ ਦਿਓ। ਰਾਜ ਦੇ ਕਾਇਮ ਹੋਣ ਦਾ ਸਮਾਂ ਨੇੜੇ ਆ ਚੁੱਕਿਆ ਸੀ, ਇਸ ਲਈ ਰਸੂਲਾਂ ਦੀ ਗਿਣਤੀ ਬਾਰਾਂ ਪੂਰੀ ਹੋਣਾ ਬਹੁਤ ਜ਼ਰੂਰੀ ਸੀ।[18] ਇਸੇ ਲਈ ਅਸੀਂ ਪੜ੍ਹਦੇ ਹਾਂ:

> ਉਨ੍ਹੀਂ ਦਿਨੀਂ ਪਤਰਸ ਭਾਈਆਂ ਦੇ ਵਿਚਕਾਰ[19] ਜੋ ਸਾਰੇ ਮਿਲ ਕੇ ਕੋਈ ਇੱਕ ਸੌ ਵੀਹ ਕੁ ਇਕੱਠੇ ਹੋਏ ਸਨ ਖਲੋ ਕੇ ਬੋਲਿਆ। ਹੇ ਭਾਈਓ ਜ਼ਰੂਰ ਸੀ ਕਿ ਉਹ ਲਿਖਤ ਪੂਰੀ ਹੋਵੇ ਜੋ ਪਵਿੱਤਰ ਆਤਮਾ ਨੇ ਦਾਊਦ ਦੀ ਜ਼ਬਾਨੀ[20] ਯਹੂਦਾ ਦੇ ਵਿਖੇ ਜਿਹੜਾ ਯਿਸੂ ਦੇ ਫ਼ੜਵਾਉਣ ਵਾਲਿਆਂ ਦਾ ਆਗੂ ਹੋਇਆ ਅਗੇਤਰੀ ਆਖੀ। ਕਿਉਂ ਜੋ ਉਹ ਸਾਡੇ ਵਿਚ ਗਿਣਿਆ ਗਿਆ ਅਰ ਉਹ ਨੇ ਇਸ ਸੇਵਾ ਦਾ ਅਧਿਕਾਰ ਪਾਇਆ ਸੀ (1:15-17)।

ਪਤਰਸ ਵਾਪਸ ਆ ਕੇ ਅਗਵਾਈ ਕਰਨ ਲੱਗ ਪਿਆ ਸੀ। ਉਹ ਬੜੀ ਬੁਰੀ ਤਰ੍ਹਾਂ ਡਿੱਗਿਆ ਸੀ, ਪਰ ਯਿਸੂ ਨੇ ਉਸ ਨੂੰ ਗਲੀਲ ਦੀ ਝੀਲ ਦੇ ਕੰਢੇ ਫੇਰ ਤੋਂ ਲਗਾ ਦਿੱਤਾ ਸੀ (ਯੂਹੰਨਾ 21:15-17)।

ਪਤਰਸ ਨੇ ਜ਼ੋਰ ਦੇ ਕੇ ਕਿਹਾ ਕਿ ਯਹੂਦਾ ਅਸਲ 'ਚ ਰਸੂਲ ਸੀ: ''ਉਹ ਸਾਡੇ ਵਿਚ ਗਿਣਿਆ ਗਿਆ ਅਤੇ ਉਸ ਨੇ ਇਸ ਸੇਵਾ ਦਾ ਅਧਿਕਾਰ ਪਾਇਆ ਸੀ।'' ਹੋਰ ਸਭ ਰਸੂਲਾਂ ਵਾਂਗ ਯਹੂਦਾ ਨੂੰ ਵੀ ਉਸ ਦੀ ਯੋਗਤਾ ਅਤੇ ਲਿਆਕਤ[21] ਕਾਰਣ ਹੀ ਚੁਣਿਆ ਗਿਆ ਸੀ ਅਤੇ ਦੂਜੇ ਰਸੂਲਾਂ ਵਾਂਗ ਉਹਨੂੰ ਵੀ ਅਧਿਕਾਰ ਅਤੇ ਮੌਕਾ ਮਿਲਿਆ ਸੀ। ਜੇ ਦੂਜੇ ਰਸੂਲਾਂ ਨੂੰ ਦੁਸ਼ਟ ਆਤਮਾਵਾਂ ਕੱਢਣ ਅਤੇ ਹਰ ਤਰ੍ਹਾਂ ਦੀਆਂ ਬੀਮਾਰੀਆਂ ਦੂਰ ਕਰਨ ਦਾ ਇਖ਼ਤਿਆਰ ਸੀ ਤਾਂ ਯਹੂਦਾ ਨੂੰ ਵੀ ਸੀ (ਮੱਤੀ 10:1)। ਯਹੂਦਾ ਦੀ ਮੁਸ਼ਕਲ ਇਹ ਨਹੀਂ ਸੀ ਕਿ ਉਹ ''ਮੁੱਢ ਤੋਂ ਹੀ ਸ਼ੈਤਾਨ ਸੀ।''[22] ਅਜਿਹਾ ਨਹੀਂ ਕਿ ਉਹਨੇ ਮੱਠੀ ਸ਼ੁਰੂਆਤ ਕੀਤੀ ਅਤੇ ਉਹ ਹੇਠਾਂ ਹੀ ਰਿਹਾ ਹੋਵੇ ਸਗੋਂ ਉਹਨੇ ਤਾਂ ਬੜੇ ਜੋਸ਼ ਨਾਲ ਸ਼ੁਰੂ ਕੀਤਾ ਸੀ ਪਰ ਬਾਅਦ ਵਿਚ ਡਿੱਗ ਗਿਆ ਸੀ। ਇੱਥੇ ਯਿਸੂ ਦੇ ਹਰੇਕ ਚੇਲੇ ਲਈ ਇਕ ਚਿਤਾਵਨੀ ਹੈ (ਵੇਖੋ 1 ਕੁਰਿੰਥੀਆਂ 10:13)!

ਬਾਈਬਲ ਵਿਚ ਇੱਥੇ, ਗੈਰ ਕੌਮਾਂ ਦੇ ਆਪਣੇ ਪਾਠਕਾਂ ਵਿੱਚੋਂ ਸਮਝਾਉਣ ਲਈ ਕਿ ਯਹੂਦਾ ਦਾ ਕੀ ਬਣਿਆ, ਲੂਕਾ ਨੇ ਪਤਰਸ ਦੇ ਸ਼ਬਦਾਂ ਵਿਚ ਜੋੜਨ ਲਈ ਉਸ ਨੂੰ ਵਿੱਚੇ ਹੀ ਰੋਕ ਦਿੱਤਾ:[23]

> ਸੋ ਉਹ ਨੇ ਕੁਧਰਮ ਦੀ ਮਜ਼ਦੂਰੀ ਨਾਲ ਇੱਕ ਖੇਤ ਮੁੱਲ ਲਿਆ ਅਰ ਮੂਧੇ ਮੂੰਹ ਡਿੱਗਿਆ ਅਤੇ ਉਹ ਦਾ ਢਿੱਡ ਪਾਟ ਗਿਆ ਅਰ ਉਹ ਦੀਆਂ ਸਾਰੀਆਂ ਆਂਦਰਾਂ ਨਿੱਕਲ ਗਈਆਂ। ਅਤੇ ਇਹ ਸਾਰੇ ਯਰੂਸ਼ਲਮ ਦੇ ਰਹਿਣ ਵਾਲਿਆਂ ਉੱਤੇ ਉਜਾਗਰ ਹੋਇਆ ਐਥੋਂ ਤੀਕ ਜੋ ਉਨ੍ਹਾਂ ਦੀ ਭਾਖਿਆ ਵਿੱਚ ਉਸ ਖੇਤ ਦਾ ਨਾਉਂ ''ਅਕਲਦਮਾ''[24] ਅਰਥਾਤ ''ਲਹੂ ਦਾ ਖੇਤ'' ਪੈ ਗਿਆ (ਆਇਤਾਂ 18, 19)।

ਯਹੂਦਾ ਦੀ ਮੌਤ ਦਾ ਇਹ ਵਿਰਤਾਂਤ ਮੱਤੀ 27:3-9 ਨਾਲੋਂ ਥੋੜ੍ਹਾ ਜਿਹਾ ਫ਼ਰਕ ਹੈ ਪਰ ਦੋਵੇਂ ਹੀ ਵਿਰਤਾਂਤ ਇਕ ਦੂਜੇ ਦੇ ਉਲਟ ਨਹੀਂ ਹਨ।[25] ਸਗੋਂ ਦੋਵੇਂ ਹੀ ਇਕ ਦੂਜੇ ਦੇ ਪੂਰਕ ਹਨ ਯਾਨੀ ਦੋਵੇਂ ਇਕ ਦੂਜੇ ਦੀ ਪੂਰਤੀ ਕਰਦੇ ਹਨ। ਦੋਹਾਂ ਹੀ ਵਿਰਤਾਂਤਾਂ ਨੂੰ ਮਿਲਾਉਣ ਤੇ ਉਸ ਇਕ ਜੀਵਨ ਦੇ ਦੁਖਦ ਅੰਤ ਬਾਰੇ ਪਤਾ ਲਗਦਾ ਹੈ ਜਿਸ ਵਿਚ ਬਹੁਤ ਸੰਭਾਵਨਾ ਸੀ। ਪਛਤਾਵੇ ਨਾਲ ਭਰੇ, ਯਹੂਦਾ ਨੇ ਚਾਂਦੀ ਦੇ ਤੀਹ ਸਿੱਕੇ[26] ਸੁੱਟ ਦਿੱਤੇ ਅਤੇ ਬਾਹਰ ਜਾ ਕੇ ਫਾਹਾ ਲੈ ਲਿਆ। ਉਹਦੀ ਦੇਹ ਉੱਥੇ ਹੀ ਟੰਗੀ ਰਹੀ ਅਤੇ ਰੱਸੀ[27] ਗਲਣ ਨਾਲ ਉਹਦੀ ਲਾਸ਼ ਡਿੱਗ ਕੇ ਪਾਟ ਗਈ। ਉਹਦੀ ਲਾਸ਼ ਘੁਮਿਆਰ ਦੇ ਇਕ ਖੇਤ ਵਿਚ ਪੱਥਰ ਤੇ ਡਿੱਗੀ ਅਤੇ ਪਾਟ ਗਈ।[28]

ਲੂਕਾ ਦੇ ਸ਼ਬਦਾਂ ਰਾਹੀਂ ਉਹਦੀ ਭਿਆਨਕ ਸਗੋਂ ਘਿਰਣਾਯੋਗ ਤਸਵੀਰ ਵਿਖਾਈ ਦਿੰਦੀ ਹੈ- ਅਜਿਹਾ ਸ਼ਾਇਦ ਉਹਨੇ ਜਾਣ ਬੁੱਝ ਕੇ ਕੀਤਾ। ਲੂਕਾ ਚਾਹੁੰਦਾ ਹੋਵੇਗਾ ਕਿ ਮਸੀਹੀ ਲੋਕ ਪ੍ਰਭੂ ਨਾਲ ਧੋਖਾ ਕਰਨ ਵਾਲੇ ਦਾ ਖ਼ਤਰਨਾਕ ਰੂਪ ਅਤੇ ਧੋਖੇ ਦਾ ਅੰਜਾਮ ਵੇਖ ਲੈਣ।

20 ਆਇਤ ਵਿਚ ਸਾਨੂੰ ਪਤਰਸ ਦੇ ਸ਼ਬਦ ਮਿਲਦੇ ਹਨ। ਆਇਤ 16 ਵਿਚ ਉਸ ਨੇ ਕਿਹਾ ਸੀ ਕਿ ''ਜ਼ਰੂਰ ਸੀ ਕਿ ਉਹ ਲਿਖਤ ਪੂਰੀ ਹੋਵੇ ਜੋ ਪਵਿੱਤਰ ਆਤਮਾ ਨੇ ਦਾਊਦ ਦੀ ਜਬਾਨੀ ਯਹੂਦਾ ਦੇ ਵਿਖੇ ... ਆਖੀ।'' ਆਇਤ 20 ਵਿਚ ਪਤਰਸ ਨੇ ਉਹ ਕਹਿ ਹੀ ਦਿੱਤਾ ਜੋ ਉਹ ਦੇ ਮਨ ਵਿਚ ਸੀ ''ਕਿਉਂਕਿ ਜ਼ਬੂਰਾਂ ਦੀ ਪੁਸਤਕ ਵਿੱਚ ਲਿਖਿਆ ਹੈ ਭਈ ਉਹ ਦਾ ਘਰ ਉੱਜੜ ਜਾਵੇ, ਉਹ ਦੇ ਵਿੱਚ ਕੋਈ ਵੱਸਣ ਵਾਲਾ ਨਾ ਹੋਵੇ । ਅਤੇ ਇਹ ਕਿ ਉਹ ਦਾ ਅਹੁਦਾ ਕੋਈ ਹੋਰ ਲਵੇ'' (ਆਇਤ 20)। ਪਤਰਸ ਨੇ ਜ਼ਬੂਰ 69:25 ਅਤੇ ਜ਼ਬੂਰ 109:8 ਵਿੱਚੋਂ ਦਾਊਦ ਦੇ ਸ਼ਬਦ ਦੁਹਰਾਏ ਸਨ। ਦੋਹਾਂ ਜ਼ਬੂਰਾਂ ਵਿਚ ਦਾਊਦ ਦੇ ਸ਼ਕਤੀਸ਼ਾਲੀ ਵੈਰੀਆਂ ਦੇ ਬਾਰੇ ਦੱਸਿਆ ਗਿਆ ਹੈ ਜੋ ਉੱਚੇ ਅਹੁਦਿਆਂ ਤੇ ਸਨ। ਇਹ ਲੋਕ ਦਾਊਦ ਦੇ ਖ਼ਿਲਾਫ਼ ਹੋ ਗਏ ਅਤੇ ਇਨ੍ਹਾਂ ਨੇ ਉਹਨੂੰ ਗੱਦੀਓਂ ਲਾਹੁਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ। ਦਾਊਦ ਨੇ ਦੁਆ ਕੀਤੀ ਕਿ ਖ਼ੁਦਾ *ਉਨ੍ਹਾਂ ਦਾ* ਨਾਮ ਜ਼ਿੰਦਗੀ ਦੀ ਕਿਤਾਬ ਵਿੱਚੋਂ ਕੱਢ ਸੁੱਟੇ ਅਤੇ ਉਨ੍ਹਾਂ ਦੇ ਅਹੁਦੇ ਨੂੰ ਕੋਈ ਹੋਰ ਲੈ ਲਵੇ। ਪਤਰਸ ਦੇ ਕਹਿਣ ਤੋਂ ਭਾਵ ਸੀ ਕਿ ਦਾਊਦ ਅਸਲ 'ਚ ਮਸੀਹ ਦਾ ਪ੍ਰਤੀਕ ਹੈ, ਇਹ ਅਹੁਦੇ ਯਹੂਦਾ ਵੱਲੋਂ ਯਿਸੂ ਨੂੰ ਫੜਵਾਉਣ ਅਤੇ ਉਹਦੇ ਅਹੁਦੇ ਤੇ ਕਿਸੇ ਹੋਰ ਤੇ ਬੈਠਣ ਦਾ ਇਸ਼ਾਰਾ ਸਨ।[29]

ਇਹ ਸਭ ਤਾਂ ਰਸੂਲਾਂ ਉੱਤੇ ਪਵਿੱਤਰ ਆਤਮਾ ਦੇ ਆਉਣ ਤੋਂ ਪਹਿਲਾਂ ਹੋਇਆ ਸੀ, ਫਿਰ ਪਤਰਸ ਨੂੰ ਕਿਵੇਂ ਪਤਾ ਲੱਗਿਆ ਕਿ ਯਹੂਦਾ ਦੀ ਥਾਂ ਕਿਸੇ ਹੋਰ ਦਾ ਹੋਣਾ ਜ਼ਰੂਰੀ ਸੀ, ਅਤੇ ਉਸ ਨੂੰ ਇਹ ਕਿਵੇਂ ਪਤਾ ਲੱਗਿਆ ਕਿ ਇਹ ਹਵਾਲੇ ਯਹੂਦਾ ਦੀ ਖਾਲੀ ਥਾਂ ਨੂੰ ਭਰਨ ਬਾਰੇ ਹਨ? ਸ਼ਾਇਦ ਪਤਰਸ ਨੂੰ ਖ਼ਾਸ ਪ੍ਰਕਾਸ਼ ਮਿਲਿਆ ਸੀ ਜਿਸ ਬਾਰੇ ਲਿਖਿਆ ਨਹੀਂ ਗਿਆ। ਹੋ ਸਕਦਾ ਹੈ ਕਿ ਉਸ ਨੂੰ ਇਹ ਗੱਲਾਂ ਯਿਸੂ ਦੇ ਜੀ ਉੱਠਣ ਬਾਅਦ ਉਨ੍ਹਾਂ ਚਾਲੀ ਦਿਨਾਂ ਦੌਰਾਨ ਪਤਾ ਲੱਗੀਆਂ ਹੋਣ ਜਦ ਯਿਸੂ ਨੇ ''ਉਨ੍ਹਾਂ ਦੀ ਬੁੱਧ ਖੋਲ੍ਹ ਦਿੱਤੀ ਜੋ ਪੁਸਤਕਾਂ ਨੂੰ ਸਮਝ ਲੈਣ'' (ਲੂਕਾ 24:45)। ਪਤਰਸ ਨੂੰ ਯਹੂਦਾ ਦੇ ਥਾਂ ਨਿਯੁਕਤ ਕਰਨ ਲਈ ਆਦਮੀ ਦੀ ਯੋਗਤਾ ਦਾ ਵੀ ਪਤਾ ਲੱਗ ਗਿਆ ਸੀ।

> ਪਰੰਤੂ ਇਨ੍ਹਾਂ ਲੋਕਾਂ ਵਿੱਚੋਂ ਜਿਹੜੇ ਹਰ ਵੇਲੇ ਸਾਡੇ ਸੰਗ ਰਹੇ ਜਾਂ ਪ੍ਰਭੂ ਯਿਸੂ ਸਾਡੇ ਵਿਚ ਆਇਆ ਜਾਇਆ ਕਰਦਾ ਸੀ। ਯੂਹੰਨਾ ਦੇ ਬਪਤਿਸਮੇ ਤੋਂ ਲੈ ਕੇ ਉਸ ਦਿਨ ਤੀਕਰ ਕਿ ਉਹ ਸਾਡੇ ਕੋਲੋਂ ਉਤਾਹਾਂ ਉਠਾਇਆ ਗਿਆ, ਚਾਹੀਦਾ ਹੈ ਕਿ ਇਨ੍ਹਾਂ ਵਿੱਚੋਂ ਇਕ ਸਾਡੇ ਨਾਲ ਉਹ ਦੇ ਜੀ ਉੱਠਣ ਦਾ ਗਵਾਹ ਹੋਵੇ (ਆਇਤਾਂ 21, 22)।

ਪਤਰਸ ਮੁਤਾਬਕ ਰਸੂਲ ਬਣਨ ਲਈ ਤਿੰਨ ਯੋਗਤਾਵਾਂ ਹੋਣੀਆਂ ਜ਼ਰੂਰੀ ਸਨ:[30] (1) ਯਹੂਦਾ ਦਾ ਅਹੁਦਾ ਉਨ੍ਹਾਂ ਵਿੱਚੋਂ ਇਕ ਪੁਰਖ ਨੂੰ ਮਿਲਣਾ ਸੀ ਜਿਹੜਾ ਰਸੂਲਾਂ ਦੇ ਨਾਲ ਰਹਿੰਦਾ ਰਿਹਾ ਹੋਵੇ; ਇਹ ਅਹੁਦਾ ਕਿਸੇ ਔਰਤ ਨੂੰ ਨਹੀਂ ਦਿੱਤਾ ਜਾਣਾ ਸੀ।[31] ਕਲੀਸੀਆ ਦੀ ਸ਼ੁਰੂਆਤ ਤੋਂ ਹੀ, ਪੁਰਖ ਵੱਲੋਂ ਅਗਵਾਈ ਕਰਨ ਤੇ ਜ਼ੋਰ ਦਿੱਤਾ ਗਿਆ ਹੈ।(2) ਯਹੂਦਾ ਦਾ ਖਾਲੀ ਅਹੁਦਾ ਉਸੇ ਆਦਮੀ ਨੂੰ ਮਿਲ ਸਕਦਾ ਸੀ ਜੋ ਯਿਸੂ ਦੀ ਨਿੱਜੀ ਸੇਵਕਾਈ ਵਿਚ ਉਹਦੇ ਅਤੇ ਰਸੂਲਾਂ ਨਾਲ ਰਿਹਾ ਹੋਵੇ। ਯਿਸੂ ਦੇ ਨਾਲ ਚੱਲਣ ਵਾਲਿਆਂ ਵਿਚ ਉਹ ਸਿਰਫ਼ ਬਾਰਾਂ ਹੀ ਨਹੀਂ ਸਨ;

ਇਕ ਵਾਰ ਉਹਨੇ ਸੱਤਰ ਆਦਮੀਆਂ ਨੂੰ ਪ੍ਰਚਾਰ ਲਈ ਭੇਜਿਆ ਸੀ (ਲੂਕਾ 10:1)। ਇਸ ਯੋਗਤਾ ਵਾਲੇ ਆਦਮੀ ਨੂੰ ਗਵਾਹ ਹੋਣ ਲਈ ਚੁਣੇ ਜਾਣ ਦਾ ਮਕਸਦ ਇਸ ਗੱਲ ਦੀ ਭਰੋਸੇਯੋਗਤਾ ਨੂੰ ਪੱਕਾ ਕਰਨਾ ਸੀ ਕਿ ਯਿਸੂ ਸੱਚਮੁੱਚ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਉਹ ਕੋਈ ਫ਼ਰੇਬੀ ਨਹੀਂ ਹੈ। ਯਿਸੂ ਨੂੰ ਨਜ਼ਦੀਕੀ ਲੋਕ ਚੰਗੀ ਤਰ੍ਹਾਂ ਦੱਸ ਸਕਦੇ ਸਨ ਕਿ ਉਨ੍ਹਾਂ ਨੇ ਇਸੇ ਯਿਸੂ ਨੂੰ ਵੇਖਿਆ ਜਾਂ ਕਿਸੇ ਹੋਰ ਨੂੰ। (3) ਯਹੂਦਾ ਦੀ ਖਾਲੀ ਥਾਂ ਲੈਣ ਵਾਲੇ ਲਈ ਇਹ ਜ਼ਰੂਰੀ ਸੀ ਕਿ ਉਹ ਜੀ ਉੱਠਣ ਦਾ ਗਵਾਹ ਹੋਵੇ।[32] ਦੂਜੇ ਸ਼ਬਦਾਂ ਵਿਚ ਕਹੋ ਤਾਂ ਉਹਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਵੇਖਿਆ ਹੋਵੇ। ਪ੍ਰਭੂ ਦੇ ਜੀ ਉੱਠਣ ਬਾਅਦ ਉਹਨੂੰ ਕਈਆਂ ਨੇ ਵੇਖਿਆ ਸੀ (1 ਕੁਰਿੰਥੀਆਂ 15:6)।

ਪਰ ਲਗਦਾ ਹੈ ਕਿ ਇਹ ਯੋਗਤਾ ਸਿਰਫ਼ ਦੋ ਬੰਦਿਆਂ ਵਿਚ ਹੀ ਮਿਲੀ: ''ਤਦ ਉਨ੍ਹਾਂ ਨੇ ਦੋਹਾਂ ਨੂੰ ਖੜਾ ਕੀਤਾ, ਇੱਕ ਯੂਸਫ਼ ਜਿਹੜਾ ਬਰਸੱਬਾਸ ਕਹਾਉਂਦਾ ਸੀ[33] ਜਿਹ ਦਾ ਉਪਨਾਮ ਯੂਸਤੁਸ ਸੀ,[34] ਦੂਜਾ ਮੱਥਿਯਾਸ'' (ਆਇਤ 23)। ਇਨ੍ਹਾਂ ਆਦਮੀਆਂ ਬਾਰੇ ਪਵਿੱਤਰ ਆਤਮਾ ਐਨਾ ਹੀ ਦੱਸਦਾ ਹੈ,[35] ਪਰ ਇਨ੍ਹਾਂ ਦੋਹਾਂ ਚੇਲਿਆਂ ਵਿਚ ਜ਼ਰੂਰ ਹੀ ਕੁਝ ਖ਼ਾਸੀਅਤ ਸੀ!

ਕਿਉਂਕਿ ਯਹੂਦਾ ਦੀ ਥਾਂ ਸਿਰਫ਼ ਇਕ ਹੀ ਆਦਮੀ ਦੀ ਲੋੜ ਸੀ ਅਤੇ ਇਨ੍ਹਾਂ ਦੋਹਾਂ ਵਿਚ ਲੋੜੀਂਦੀਆਂ ਯੋਗਤਾਵਾਂ ਸਨ, ਇਸ ਲਈ ਮਾਮਲਾ ਖ਼ੁਦਾ ਦੇ ਹੱਥ ਸੌਂਪ ਦਿੱਤਾ ਗਿਆ:

> ਅਰ ਪ੍ਰਾਰਥਨਾ ਕਰ ਕੇ ਆਖਿਆ ਕਿ ਹੇ ਪ੍ਰਭੂ ਤੂੰ ਜੋ ਸਭਨਾਂ ਦਾ ਅੰਤਰਯਾਮੀ ਹੈਂ ਵਿਖਾਲ ਕਿ ਇਨ੍ਹਾਂ ਦੋਹਾਂ ਵਿੱਚੋਂ ਤੈਂ ਕਿਹਨੂੰ ਚੁਣਿਆ ਹੈ। ਜੋ ਇਸ ਸੇਵਾ ਅਤੇ ਰਸੂਲਪੁਣੇ ਦੀ ਉਹ ਜਗ੍ਹਾ ਲਵੇ ਜਿਸ ਤੋਂ ਯਹੂਦਾ ਡਿੱਗਿਆ ਭਈ ਉਹ ਆਪਣੀ ਨਿਜ ਥਾਂ ਨੂੰ ਜਾਵੇ (ਆਇਤਾਂ 24, 25)।

ਕਿਤਾਬ ਵਿਚ ਦੁਆ ਦਾ ਇਹ ਦੂਜਾ ਜ਼ਿਕਰ ਹੈ ਅਤੇ ਦੁਆ ਦੇ ਸ਼ਬਦ ਸਾਨੂੰ ਪਹਿਲੀ ਵਾਰ ਮਿਲਦੇ ਹਨ। ਖ਼ੁਦਾ ਨੂੰ *ਕਾਰਡਿਆਗਨੋਸਤਾ* ਯਾਨੀ ਸਭ ਦੇ ਮਨ ਨੂੰ ਜਾਣਨ ਵਾਲਾ ਕਿਹਾ ਗਿਆ ਹੈ। ''ਯਹੋਵਾਹ ਮਨੁੱਖ ਵਾਂਗੂੰ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਵੇਖਦਾ ਹੈ'' (1 ਸਮੂਏਲ 16:7)।

ਧਿਆਨ ਦਿਓ ਕਿ ਯਹੂਦਾ ਦੇ ਅੰਤ ਨੂੰ ਕਿੰਨੀ ਬਰੀਕੀ ਨਾਲ ਵਿਖਾਇਆ ਗਿਆ ਹੈ: ਯਹੂਦਾ ''ਮੂਧੇ ਮੂੰਹ ਡਿੱਗਿਆ ਅਤੇ ਉਹਦਾ ਢਿੱਡ ਪਾਟ ਗਿਆ।'' ''ਆਪਣੀ ਥਾਂ ਤੋਂ ਜਾਣਾ'' ਦਾ ਮਤਲਬ ''ਆਪਣੇ ਕੰਮਾਂ ਕਾਰਣ ਉਸ ਥਾਂ ਜਾਣਾ ਜਿਸ ਦੇ ਕੋਈ ਯੋਗ ਹੋਵੇ।'' ਕਿਉਂਕਿ ਯਹੂਦਾ ਸ਼ਗਿਰਦੀ ਦੀ ਆਪਣੀ ਸੇਵਾ ਤੋਂ ''ਫਿਰ ਗਿਆ'' (ਯਾਨੀ ''ਡਿੱਗ ਗਿਆ'') ਇਹ ਸਮਝਣ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਯਹੂਦਾ ਦਾ ''ਆਪਣਾ ਥਾਂ'' ਕੀ ਹੋਵੇਗਾ।[36] ਉਸ ਜੀਵਨ ਦਾ ਅੰਤ ਜਿਸ ਨੂੰ ਐਨੇ ਵਾਅਦੇ ਮਿਲੇ ਸਨ, ਕਿੰਨਾ ਦਰਦਨਾਕ ਹੋਇਆ।

ਇਨ੍ਹਾਂ ਦੋ ਆਦਮੀਆਂ ਵਿੱਚੋਂ ਯਹੂਦਾ ਦੀ ਥਾਂ ਕਿਸ ਨੂੰ ਨਿਯੁਕਤ ਕਰਨਾ ਚਾਹੀਦਾ ਸੀ? ਕਿਉਂਕਿ ਪਵਿੱਤਰ ਆਤਮਾ ਤਾਂ ਅਜੇ ਉਨ੍ਹਾਂ ਉੱਤੇ ਉੱਤਰਿਆ ਨਹੀਂ ਸੀ, ਫਿਰ ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਪਸੰਦ ਬਾਰੇ ਕਿਵੇਂ ਪਤਾ ਚਲ ਸਕਦਾ ਸੀ? ਇਹਦੇ ਲਈ ਅਪਣਾਇਆ ਗਿਆ ਢੰਗ *ਪਰੇਸ਼ਾਨ ਕਰਨ ਵਾਲਾ* ਹੈ: ''ਉਨ੍ਹਾਂ ਨੇ ਉਨ੍ਹਾਂ ਦੇ ਲਈ *ਚਿੱਠੀਆਂ ਪਾਈਆਂ*'' (ਆਇਤ 26)। ਮੂਲ ਵਿਚ ''ਉਨ੍ਹਾਂ ਨੇ ਉਨ੍ਹਾਂ ਲਈ ਚਿੱਠੀਆਂ ਪਾਈਆਂ'' ਹੈ ਪਰ ਅਸੀਂ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਉਨ੍ਹਾਂ ਨੇ ਚਿੱਠੀਆਂ ਕਿਵੇਂ ਪਾਈਆਂ ਹੋਣਗੀਆਂ।[37] ਪਰ ਅੱਜ ਦੇ ਢੰਗ ਨੂੰ

ਧਿਆਨ ਵਿਚ ਰਖਦਿਆਂ ਸਾਡਾ ਧਿਆਨ ਪਰਚੀਆਂ ਪਾਉਣ ਜਾਂ ਸਿੱਕੇ ਨਾਲ ਟਾਸ ਕਰਨ ਵਰਗਾ ਹੀ ਕੁਝ ਹੋਣ ਵੱਲ ਜਾਂਦਾ ਹੈ।[38]

ਭਾਵੇਂ ਸਾਨੂੰ ਉਸ ਢੰਗ ਦਾ ਪੱਕਾ ਪਤਾ ਨਹੀਂ ਹੈ। ਫਿਰ ਵੀ ਦੋ ਗੱਲਾਂ ਤੇ ਜ਼ੋਰ ਦਿੱਤਾ ਜਾਣਾ ਜ਼ਰੂਰੀ ਹੈ: (1) ''ਉਨ੍ਹਾਂ ਦੇ ਲਈ ਚਿੱਠੀਆਂ ਪਾਈਆਂ'' ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਉੱਥੇ ਮੌਜੂਦ ਲੋਕਾਂ ਨੇ ਉਨ੍ਹਾਂ ਦੀ ਚੋਣ ਕੀਤੀ ਹੋਵੇਗੀ: ਇਨ੍ਹਾਂ ਆਦਮੀਆਂ ਦੇ ਮਨਾਂ ਦਾ ਚੇਲਿਆਂ ਨੂੰ ਨਹੀਂ ਪਤਾ ਸੀ, ਪਰ ਖ਼ੁਦਾ ਨੂੰ ਪਤਾ ਸੀ। (2) ''ਉਨ੍ਹਾਂ ਦੇ ਲਈ ਚਿੱਠੀਆਂ'' ਪਾਉਣ ਦਾ ਅਰਥ ਇਹ ਨਹੀਂ ਕਿ ਉੱਥੇ ਮੌਜੂਦ ਲੋਕਾਂ ਨੇ ਇਸ ਨੂੰ *ਕਿਸਮਤ* ਤੇ ਛੱਡ ਦਿੱਤਾ; ਸਗੋਂ ਉਨ੍ਹਾਂ ਨੇ ਫੈਸਲਾ ਕਰਨਾ *ਖ਼ੁਦਾ* ਤੇ ਛੱਡ ਦਿੱਤਾ।

ਮੈਂ ਪਹਿਲਾਂ ਹੀ ਸੁਝਾਅ ਦਿੱਤਾ ਸੀ ਕਿ ਯਹੂਦਾ ਦੇ ਥਾਂ ਕਿਸੇ ਹੋਰ ਦੀ ਨਿਯੁਕਤੀ ਪ੍ਰਭੂ ਯਿਸੂ ਵੱਲੋਂ ਆਪਣੇ ਰਸੂਲਾਂ ਨੂੰ ਪਵਿੱਤਰ ਲਿਖਤ ਨੂੰ ਸਮਝਣ ਲਈ ਉਨ੍ਹਾਂ ਦੀ ਬੁੱਧ ਖੋਲ੍ਹਣ ਦਾ ਇਕ ਭਾਗ ਹੋ ਸਕਦਾ ਹੈ (ਲੂਕਾ 24:45)। ਹੋ ਸਕਦਾ ਹੈ ਕਿ ਪ੍ਰਭੂ ਨੇ ਹੀ ਉਨ੍ਹਾਂ ਨੂੰ ਇਹ ਢੰਗ ਦੱਸਿਆ ਹੋਵੇ ਜਾਂ ਰਸੂਲਾਂ ਨੇ ਆਪੇ ਇਹ ਢੰਗ ਅਪਣਾਇਆ ਹੋਵੇ, ਕਿਉਂਕਿ ਉਹ ਇਸ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਚਿੱਠੀਆਂ ਪਾਉਣ ਦਾ ਤਰੀਕਾ ਪੁਰਾਣੇ ਨੇਮ ਵਿਚ ਆਮ ਸੀ।[39] ਰਸੂਲਾਂ ਦੇ ਸਮੇਂ ਇਹ ਪੱਕਾ ਕਰਨ ਲਈ ਕਿ ਯਾਜਕ ਕਿਹੜਾ ਕੰਮ ਕਰਨਗੇ ਇਹੀ ਢੰਗ ਅਪਣਾਇਆ ਜਾਂਦਾ ਸੀ (ਲੂਕਾ 1:9)। ਪੁਰਾਣੇ ਨੇਮ ਵਿਚ ਕਿਹਾ ਗਿਆ ਸੀ, ''ਬੁੱਕਲ ਵਿਚ ਗੁਣੇ ਪਾਏ ਜਾਂਦੇ ਹਨ, ਪਰ ਉਨ੍ਹਾਂ ਦਾ ਫੈਸਲਾ ਯਹੋਵਾਹ ਵੱਲੋਂ ਹੀ ਹੁੰਦਾ ਹੈ'' (ਕਹਾਉਤਾਂ 16:33)।

ਰਸੂਲਾਂ ਦੇ ਕੰਮ 1 ਅਧਿਆਇ ਵਾਲੇ ਚਿੱਠੀ ਪਾਉਣ ਦੇ ਢੰਗ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਨਹੀਂ ਹੈ, ਪਰ ਮੈਂ ਐਨਾ ਜਾਣਦਾ ਹਾਂ ਕਿ ਪਵਿੱਤਰ ਅਤਾਮਾ ਦੇ ਆਉਣ ਦੇ ਬਾਅਦ ਖ਼ੁਦਾ ਦੀ ਇੱਛਾ ਨੂੰ ਜਾਣਨ ਲਈ ਮਸੀਹੀ ਲੋਕਾਂ ਨੇ ਫੇਰ ਕਦੇ ਵੀ ਦੁਬਾਰਾ *ਚਿੱਠੀਆਂ ਨਹੀਂ ਪਾਈਆਂ!*[40] ਉਨ੍ਹਾਂ ਨੇ ਮੁਢਲੀ ਕਲੀਸੀਆ ਵਿਚ ਐਲਡਰਾਂ ਅਤੇ ਡੀਕਨਾਂ ਦੀ ਨਿਯੁਕਤੀ ਇਸ ਤਰੀਕੇ ਨਾਲ ਨਹੀਂ ਕੀਤੀ (ਰਸੂਲਾਂ ਦੇ ਕੰਮ 6; 1 ਤਿਮੋਥਿਉਸ 3; ਤੀਤੁਸ 1)। ਸਿੱਖਿਆ ਸਬੰਧੀ ਮਾਮਲਿਆਂ ਨੂੰ ਵੀ ਉਨ੍ਹਾਂ ਨੇ ਇਸ ਢੰਗ ਨਾਲ ਨਹੀਂ ਨਿਪਟਾਇਆ (15:1-31)। ਜੇ ਬੱਚੇ ਇਹ ਜਾਣਨ ਲਈ ਕਿ ਤਿਲਕਣ ਲਈ ਕੌਣ ਪਹਿਲਾਂ ਜਾਵੇਗਾ ਜਾਂ ਕੇਕ ਕਿਸ ਨੂੰ ਪਹਿਲਾਂ ਮਿਲੇਗਾ ਇਹ ਤਰੀਕਾ ਅਪਣਾਉਂਦੇ ਹਨ ਤਦ ਤਾਂ ਠੀਕ ਹੈ, ਪਰ ਇਸ ਨਾਲ ਖ਼ੁਦਾ ਦੀ ਇੱਛਾ ਨੂੰ ਨਹੀਂ ਜਾਣਿਆ ਜਾ ਸਕਦਾ। ਖ਼ੁਦਾ ਦੀ ਇੱਛਾ ਨੂੰ ਜਾਣਨ ਲਈ ਅਸੀਂ ਉਹਦੇ ਆਤਮਾ ਦੀ ਪ੍ਰੇਰਣਾ ਰਾਹੀਂ ਦਿੱਤੇ ਵਚਨ ਕੋਲੋਂ ਪੁੱਛਦੇ ਹਾਂ। ਰਸੂਲਾਂ ਦੇ ਕੰਮ 1 ਅਧਿਆਇ ਵਿਚ ਖ਼ੁਦਾ ਦੀ ਇੱਛਾ ਜਾਣਨ ਲਈ ''ਚਿੱਠੀਆਂ ਪਾਉਣਾ'' ਥੋੜ੍ਹੀ ਦੇਰ ਵਾਸਤੇ ਸੀ, ਪਰ ਖ਼ੁਦਾ ਨੇ ਉਸ ਨੂੰ ਮਾਨਤਾ ਦਿੱਤੀ; ਅੱਜ ਅਸੀਂ ਜੇ ਇੰਜ ਕਰੀਏ ਤਾਂ ਉਹਨੂੰ ਅੰਧਵਿਸ਼ਵਾਸ ਕਿਹਾ ਜਾਵੇਗਾ![41]

ਉਨ੍ਹਾਂ ਦੋਹਾਂ ਵਿੱਚੋਂ ਖ਼ੁਦਾ ਨੇ ਕਿਸ ਨੂੰ ਚੁਣਿਆ? ''ਚਿੱਠੀ ਮਥਿਆਸ ਦੇ ਨਾਮ ਦੀ ਨਿੱਕਲੀ। ਤਦ ਉਹ ਉਨ੍ਹਾਂ ਗਿਆਰਾਂ ਰਸੂਲਾਂ ਨਾਲ ਗਿਣਿਆ ਗਿਆ'' (ਆਇਤ 26)। ਪ੍ਰਮੇਸ਼ਵਰ ਦੀ ਆਪਣੀ ਪਸੰਦ ਸੀ।[42] ਮਥਿਆਸ ਬਾਰ੍ਹਵਾਂ ਰਸੂਲ ਬਣ ਗਿਆ। ਮਥਿਆਸ ਦਾ ਨਾਂ ਨਵੇਂ ਨੇਮ ਵਿਚ ਦੁਬਾਰਾ ਨਹੀਂ ਮਿਲਦਾ, ਪਰ ਜਦ ਵੀ ਆਪਣੇ ਅਧਿਐਨ ਵਿਚ ''ਰਸੂਲਾਂ'' ਬਾਰੇ ਪੜ੍ਹਦੇ ਹਾਂ, ਮਥਿਆਸ ਵਿੱਚੋਂ ਹੀ ਹੁੰਦਾ ਹੈ। ਰਵਾਇਤ ਅਨੁਸਾਰ, ਉਹ ਇਥੋਪੀਆ ਲਈ ਇਕ ਮਿਸ਼ਨਰੀ ਬਣਿਆ ਅਤੇ ਉੱਥੇ ਹੀ ਸ਼ਹੀਦ ਹੋ ਗਿਆ।[43] ਅਜਿਹਾ ਹੋਇਆ ਜਾਂ ਨਹੀਂ, ਪਰ ਇਹ ਜ਼ਰੂਰ ਹੈ ਕਿ ਉਹ ਦੂਜੇ ਰਸੂਲਾਂ ਵਾਂਗ ਹੀ ''ਯਰੂਸ਼ਲਮ ਅਤੇ ਸਾਰੇ ਯਹੂਦੀਆ ਅਤੇ

ਸਾਮਰੀਆ ਸਗੋਂ ਧਰਤੀ ਦੇ ਬੰਨੇ ਤਕ'' (1:8) ਪ੍ਰਭੂ ਯਿਸੂ ਦਾ ਗਵਾਹ ਬਣਿਆ।

ਰਸੂਲਾਂ ਦੀ ਗਿਣਤੀ ਬਾਰਾਂ ਪੂਰੀ ਹੋ ਚੁੱਕੀ ਸੀ।[4] ਤਿਆਰੀ ਵੀ ਪੂਰੀ ਹੋ ਗਈ ਸੀ। ਸਭ ਕੁਝ ਤਿਆਰ ਸੀ। ਹੁਣ ਆਤਮਾ ਦੇ ਉੱਤਰਨ ਦੀ ਵਾਰੀ ਸੀ!

## ਸਾਰ

ਜਿਵੇਂ ਰਸੂਲਾਂ ਦੇ ਕੰਮ 2 ਦੀਆਂ ਮਹਾਨ ਘਟਨਾਵਾਂ ਦੇ ਐਲਾਨ ਦੀ ਤਿਆਰੀ ਦੀ ਲੋੜ ਸੀ; ਓਸੇ ਤਰ੍ਹਾਂ ਸਾਡੇ ਲਈ ਵੀ ਆਪਣੇ ਦਿਲਾਂ ਅਤੇ ਮਨਾਂ ਨੂੰ ਤਿਆਰ ਕਰਨਾ ਜ਼ਰੂਰੀ ਹੈ, ਤਾਂ ਜੋ ਖ਼ੁਦਾ ਸਾਨੂੰ ਇਸਤੇਮਾਲ ਕਰ ਸਕੇ। ਸਾਨੂੰ ਪਾਪ ਵਿਚ ਡੁੱਬੇ ਸੰਸਾਰ ਵਿਚ ਦਰਸ਼ਣ ਦੀ ਲੋੜ ਹੈ। ਸਾਨੂੰ ਉਨ੍ਹਾਂ ਨਾਸ਼ ਹੋ ਰਹੀਆਂ ਰੂਹਾਂ ਲਈ ਬੋਝ ਰੱਖਣ ਦੀ ਲੋੜ ਹੈ। ਸਾਡੇ ਲਈ ਉਨ੍ਹਾਂ ਰੂਹਾਂ ਨੂੰ ਬਚਾਉਣ ਲਈ ਦਿਲੀ ਇੱਛਾ ਆਪਣੇ ਅੰਦਰ ਪੈਦਾ ਕਰਨ ਦੀ ਲੋੜ ਹੈ। ਅਸੀਂ ਸਮਾਂ ਰਹਿੰਦਿਆਂ ਹੀ ਤਿਆਰੀ ਸ਼ੁਰੂ ਕਰ ਸਕਦੇ ਹਾਂ। ਤਿਆਰੀ ਕਰਨ ਲਈ ਹੋਰ ਦੇਰ ਕਰਨ ਦੀ ਹਿੰਮਤ ਅਸੀਂ ਨਹੀਂ ਕਰ ਸਕਦੇ ਹੈ।

ਸਭ ਤੋਂ ਅਹਿਮ ਤਿਆਰੀ ਜੋ ਅਸੀਂ ਕਰ ਸਕਦੇ ਹਾਂ, ਉਹ ਇਹੀ ਯਕੀਨੀ ਬਣਾਉਣਾ ਹੈ ਕਿ ਕੀ ਸਾਡੀਆਂ ਜ਼ਿੰਦਗੀਆਂ ਖ਼ੁਦਾ ਦੇ ਨਾਲ ਸਹੀ ਹਨ? ਕੀ ਤੁਸੀਂ ਇੰਜੀਲ ਦਾ ਹੁਕਮ ਮੰਨਣ ਲਈ ਤਿਆਰ ਹੋ? ਕੀ ਖ਼ੁਦਾ ਦੀ ਵਿਗੜੀ ਔਲਾਦ ਦੇ ਨਾਤੇ ਤੁਹਾਨੂੰ ਆਪਣੇ ਸੁਧਾਰ ਦੀ ਲੋੜ ਹੈ? ਤਾਂ ਫਿਰ ਇਹ ਸੁਧਾਰ ਹੁਣੇ ਕਿਉਂ ਨਹੀਂ ਕਰਦੇ!

---

ਟਿੱਪਣੀਆਂ

[1]''ਸੱਬਤ ਦੇ ਦਿਨ ਦੀ ਵਾਟ'' ਯਹੂਦੀ ਧਰਮ ਗੁਰੂਆਂ ਨੇ ਠਹਿਰਾਈ ਸੀ ਜਿਸ ਦੇ ਅਨੁਸਾਰ ਕੋਈ ਯਹੂਦੀ ਸੱਬਤ ਦੇ ਦਿਨ ਸਿਰਫ਼ ਐਨਾ ਯਾਨੀ ਲਗਭਗ 2000 ਹੱਥ ਹੀ ਚੱਲ ਸਕਦਾ ਸੀ। ਹੱਥ ਦੀ ਲੰਬਾਈ 18 ਤੋਂ 20 ਇੰਚ ਤਕ ਹੋ ਸਕਦੀ ਹੈ, ਇਸ ਲਈ ''ਸਬਤ ਦੇ ਦਿਨ ਦੀ ਵਾਟ'' ਇਕ ਮੀਲ ਦੇ ਤਿੰਨ ਚੌਥਾਈ ਤੋਂ ਲੈ ਕੇ ਸੱਤ ਦਾ ਅਠਵਾਂ ਭਾਗ ਤਕ ਹੋ ਸਕਦਾ ਹੈ। ਸਪਸ਼ਟ ਹੈ ਕਿ ਯਿਸੂ ਦਾ ਅਸਮਾਨ ਤੇ ਉਠਾਇਆ ਜਾਣਾ ਬੈਤਅਨੀਆ ਦੇ ਨੇੜੇ (ਲੂਕਾ 24:50) ਹੋਇਆ, ਜੋ ਜੈਤੂਨ ਪਹਾੜ ਦੀ ਪੂਰਬੀ ਢਲਾਨ ਤੇ ਹੈ। ਬੈਤਅਨੀਆ ਵੀ ਯਰੂਸ਼ਲਮ ਤੋਂ ਸੱਬਤ ਦੇ ਦਿਨ ਦੀ ਵਾਟ ਨਾਲੋਂ ਵੱਧ ਹੈ। ਰਸੂਲਾਂ ਦੇ ਕੰਮ 1:12 ਤੋਂ ਪਤਾ ਲਗਦਾ ਹੈ ਕਿ *ਜੈਤੂਨ ਪਹਾੜ* ''ਯਰੂਸ਼ਲਮ ਦੇ ਨੇੜੇ ਇਕ ਸੱਬਤ ਦੇ ਦਿਨ ਦੀ ਵਾਟ'' ਤੇ ਹੈ। ਇਸ ਲਈ ਰਸੂਲਾਂ ਨੂੰ ਯਰੂਸ਼ਲਮ ਤਕ ਜਾਣ ਲਈ ਜ਼ਿਆਦਾ ਨਹੀਂ ਚੱਲਣਾ ਪਿਆ। ''ਸੱਬਤ ਦੇ ਦਿਨ ਦੀ ਵਾਟ'' ਦੀ ਵਰਤੋਂ ਫ਼ਾਸਲਾ ਦੱਸਣ ਲਈ ਕੀਤੀ ਗਈ ਹੈ, ਨਾ ਕਿ ਇਹ ਦੱਸਣ ਲਈ ਕਿ ਯਿਸੂ ਸਬਤ ਦੇ ਦਿਨ ਉੱਪਰ ਉਠਾਇਆ ਗਿਆ ਸੀ। [2]ਇਸ ਪ੍ਰਸਿੱਧ ਦਸਤਾਵੇਜ਼ ਤੇ 4 ਜੁਲਾਈ 1776 ਦੇ ਦਿਨ, ਅਮਰੀਕਾ ਦੇ ਮੋਢੀਆਂ ਨੇ ਇੰਗਲੈਂਡ ਤੋਂ ਅਜ਼ਾਦੀ ਦਾ ਐਲਾਨ ਕਰਕੇ ਦਸਤਖ਼ਤ ਕੀਤੇ ਸਨ। ਇਸ ਦੇ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਦੀ ਅਜ਼ਾਦੀ ਦੀ ਲੜਾਈ ਸ਼ੁਰੂ ਹੋ ਗਈ। [ਭਾਰਤ ਦੇਸ਼ ਦੀ ਅਜ਼ਾਦੀ ਦੀ ਲਹਿਰ ਦੀ ਉਦਾਹਰਣ ਵੀ ਦਿੱਤੀ ਜਾ ਸਕਦੀ ਸੀ-ਅਨੁਵਾਦਕ।] [3]ਰੋਮੀ ਸਰਕਾਰ ਨੂੰ ਹਟਾਉਣ ਲਈ ਜ਼ੇਲੋਤੇਸ (ਯਹੂਦੀ ਕੱਟੜਪੰਥੀ) ਪੂਰੀ ਤਰ੍ਹਾਂ ਨਾਲ ਸਮਰਪਤ ਸਿਆਸੀ ਸੰਗਠਨ ਸੀ। ਰੋਮੀ ਸਰਕਾਰ ਦੇ ਕਰਮਚਾਰੀ (ਮੱਤੀ ਮਸੂਲ ਲੈਣ ਵਾਲਾ) ਅਤੇ ਇਕ ਪੂਰਵ ਜ਼ੇਲੋਤੇਸ ਦਾ ਮਿਲ ਕੇ ਕੰਮ ਕਰਨਾ ਲੋਕਾਂ ਨੂੰ ਮਿਲਾਉਣ ਦੀ ਪ੍ਰਭੂ ਦੀ ਸਮਰਥਾ ਨੂੰ ਵਿਖਾਉਂਦਾ ਹੈ। [4]ਦੂਜੀਆਂ ਸੂਚੀਆਂ ਮੱਤੀ 10, ਮਰਕੁਸ 3 ਅਤੇ ਲੂਕਾ 6 ਵਿਚ ਮਿਲ ਸਕਦੀਆਂ ਹਨ। [5]ਲੂਕਾ 24:53 ਦੀ ਰੌਸ਼ਨੀ ਵਿਚ ''ਰਹਿ ਰਹੇ ਸਨ'' ਇਸ ਗੱਲ ਵੱਲ ਇਸ਼ਾਰਾ ਹੈ ਕਿ ਆਪਣਾ ਸਮਾਨ ਆਦਿ ਉਹ ਇੱਥੇ ਹੀ ਰੱਖਦੇ, ਰਾਤ ਗੁਜ਼ਾਰਦੇ ਅਤੇ ਖਾਣਾ ਖਾਂਦੇ ਸਨ। ਲੂਕਾ 24:53 ਵਿਚ ਲਿਖਿਆ ਹੈ ਕਿ ਦਿਨੇ ਉਹ ''ਹੈਕਲ ਵਿਚ ਨਿੱਤ'' ਰਹਿੰਦੇ ਸਨ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ 1:14 ਅਤੇ 1:15 ਵਿਚ ਦਰਜ

ਸਭ ਲੋਕ ਮਿਲ ਕੇ ਉਸ ਚੁਬਾਰੇ ਤੇ ਰਹਿੰਦੇ ਸਨ, ਪਰ ਬਾਈਬਲ ਸਾਨੂੰ ਅਜਿਹਾ ਨਹੀਂ ਦੱਸਦੀ। ਸਗੋਂ 1:14 ਤੋਂ ਇਹ ਪਤਾ ਲਗਦਾ ਹੈ ਕਿ ਰਸੂਲ ਕੁਝ ਖ਼ਾਸ ਲੋਕਾਂ ਨਾਲ ਦੁਆ ਕਰਦੇ ਸਨ। ਕਿਉਂਕਿ ਰਸੂਲ ਲਗਾਤਾਰ ਹੈਕਲ ਵਿਚ ਰਹਿੰਦੇ ਸਨ ਇਸ ਲਈ ਹੋ ਸਕਦਾ ਹੈ ਕਿ ਉਹ ਹੈਕਲ ਵਿਚ ਹੀ ਦੁਆ ਕਰਦੇ ਹੋਣ। ਫਿਰ 1:15 ਵਾਲੇ ਲੋਕ, ਹੈਕਲ ਦੇ ਕਿਸੇ ਭਾਗ ਵਿਚ ਇਕੱਠੇ ਹੋਏ ਹੋ ਸਕਦੇ ਹਨ।[6]ਕਈ ਲੋਕਾਂ ਦਾ ਕਿਆਫ਼ਾ ਹੈ ਕਿ ਇਹ ਯੂਹੰਨਾ ਮਰਕੁਸ ਦੀ ਮਾਤਾ ਦਾ ਘਰ ਸੀ (12:12)।[7]ਯਿਸੂ ਨੇ ਇਸ ਤੋਂ ਤਿੰਨ *ਸਾਲ* ਪਹਿਲਾਂ ਕਿਹਾ ਸੀ ਕਿ ਰਾਜ ''ਨੇੜੇ'' ਹੈ, ਪਰ ਇਹ ਅਜੇ ਤਕ ਆਇਆ ਨਹੀਂ ਸੀ।[8]ਕਿਉਂਕਿ ਯਿਸੂ ਨੇ ''ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ ਦਰਸ਼ਣ ਦਿੱਤਾ'' (1 ਕੁਰਿੰਥੀਆਂ 15:6), ਉਹ 120 ਲੋਕ ਮਸੀਹ ਦੇ ਉਨ੍ਹਾਂ ਸ਼ਗਿਰਦਾਂ ਵਿਚ ਨਹੀਂ ਸਨ। ਹੋ ਸਕਦਾ ਹੈ ਗਲੀਲ ਵਿੱਚੋਂ ਹੋਣ।[9]ਲੂਕਾ 10:38. [10]1 ਕੁਰਿੰਥੀਆਂ 9:5.

[11]ਮੱਤੀ 27:55, 56; ਲੂਕਾ 8:2, 3. [12]ਮਰਕੁਸ 15:40; ਯੂਹੰਨਾ 19:25. [13]ਲੂਕਾ 23:55; 24:10. ਸਾਫ਼ ਹੈ ਕਿ ਇਨ੍ਹਾਂ ਸੂਚੀਆਂ ਵਿਚ ਕਾਫ਼ੀ ਕੁਝ ਸਮਝਿਆ ਜਾ ਸਕਦਾ ਹੈ। ਯਿਸੂ ਦੇ ਭਰਾ ਵੀ ਉੱਥੇ ਸਨ, ਇਸ ਲਈ ਹੋ ਸਕਦਾ ਹੈ ਕਿ ਔਰਤਾਂ ਵਿਚ ਉਹਦੀਆਂ ਭੈਣਾਂ ਵੀ ਹੋਣ (ਮੱਤੀ 13:56)।[14]ਇਕ ਅਰੰਭਿਕ ਰਵਾਇਤ ਅਨੁਸਾਰ, ਮਰਿਯਮ, ਯੂਹੰਨਾ ਦੇ ਨਾਲ ਅਫ਼ਸੁਸ ਵਿਚ ਗਈ ਅਤੇ ਉੱਥੇ ਰਹਿੰਦਿਆਂ ਉਹਦੀ ਮੌਤ ਹੋ ਗਈ। [15]1 ਕੁਰਿੰਥੀਆਂ 15:7. ਯਾਕੂਬ, ਯਿਸੂ ਦਾ ਮਤਰੇਆ ਭਰਾ ਸੀ। ਉਨ੍ਹਾਂ ਦੀ ਮਾਂ (ਮਰਿਯਮ) ਇੱਕੋ ਸੀ, ਪਰ ਪਿਤਾ ਇਕ ਨਹੀਂ ਸੀ (ਯਿਸੂ ਦਾ ਪਿਤਾ ਖ਼ੁਦਾ ਸੀ; ਯਾਕੂਬ ਦਾ ਪਿਤਾ ਯੂਸਫ਼ ਸੀ)। ਇਹ ਯਾਕੂਬ ਯਰੂਸ਼ਲਮ ਵਿਚ ਕਲੀਸੀਆ ਦਾ ''ਥੰਮ੍ਹ'' ਬਣਿਆ (ਗਲਾਤੀਆਂ 2:9) ਅਤੇ ਉਸ ਨੇ ਯਾਕੂਬ ਦੀ ਪੱਤਰੀ ਲਿਖੀ।[16]ਚੇਲਿਆਂ ਨੇ ਯਿਸੂ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਦੁਆ ਕਰਨੀ ਸਿਖਾਏ। ਪਰ ਮਸੀਹ ਦੀ ਨਿੱਜੀ ਸੇਵਕਾਈ ਦੌਰਾਨ ਉਹਦੇ ਰਾਹੀਂ ਕੀਤੀ ਗਈ ਦੁਆ ਦਾ ਕੋਈ ਜ਼ਿਕਰ ਨਹੀਂ ਮਿਲਦਾ। ਮਰਕੁਸ 14:38-40 ਵਿਚ ਜਦ ਯਿਸੂ ਨੇ ਉਨ੍ਹਾਂ ਨੂੰ ਦੁਆ ਕਰਨ ਲਈ ਕਿਹਾ ਤਾਂ ਉਹ ਸੌਂ ਗਏ ਸਨ! [17]ਯਿਸੂ ਨੇ ਜ਼ੋਰ ਦੇ ਕੇ ਕਿਹਾ ਕਿ ਜੋ ਲੋਕ ਉਸ ਨੂੰ ਰੱਦਦੇ ਹਨ ਉਨ੍ਹਾਂ ਦਾ ਨਿਆਂ ਉਸ ਦੇ ਵਚਨ ਅਨੁਸਾਰ ਹੋਵੇਗਾ (ਯੂਹੰਨਾ 12:48)। ਇਹ ਸੱਚਾਈ ਦਾ ਵਚਨ ਹੈ ਜਿਸ ਦਾ ਉਸ ਨੇ ਆਪਣੇ ਰਸੂਲਾਂ ਨੂੰ ਪ੍ਰਕਾਸ਼ ਦਿੱਤਾ (ਤੁਲਨਾ ਯੂਹੰਨਾ 16:13)।[18]ਰਾਜ/ਕਲੀਸੀਆ ਦੇ ਕਾਇਮ ਹੋ ਜਾਣ ਅਤੇ ਰਸੂਲਾਂ ਦੇ ਮਰਨ ਦੇ ਬਾਅਦ, ਇਕ ਤਰ੍ਹਾਂ ਨਾਲ ਉਹ ਆਪਣੇ ਸਿੰਘਾਸਣਾਂ ਤੇ ਬੈਠ ਕੇ ਯਿਸੂ ਦੇ ਨਾਲ ਰਾਜ ਕਰਨ ਅਤੇ ਜਿਨ੍ਹਾਂ ਬਾਰਾਂ ਗੋਤਾਂ (ਘਰਾਣਿਆਂ) ਨੇ ਪ੍ਰਭੂ ਨੂੰ ਰੱਦਿਆ ਸੀ, ਉਨ੍ਹਾਂ ਦਾ ਨਿਆਂ ਕਰਨ ਲੱਗ ਪਏ। ਹੁਣ ਉਨ੍ਹਾਂ ਦੀ ਥਾਂ ਕਿਸੇ ਹੋਰ ਨੂੰ ਨਿਯੁਕਤ ਕਰਨ ਦੀ ਲੋੜ ਨਹੀਂ ਸੀ। [19]''ਭਾਈਆਂ'' ਅਤੇ ''ਭਾਈਓ'' ਸ਼ਬਦ ਦੋ ਵਾਰ ਵਰਤਿਆ ਗਿਆ ਹੈ-ਇਕ ਵਾਰ ਆਇਤ 15 ਵਿਚ ਅਤੇ ਇਕ ਵਾਰ ਆਇਤ 16 ਵਿਚ। ਕਿਤਾਬ ਵਿਚ ਇਸ ਸ਼ਬਦ ਦੀ ਵਰਤੋਂ ਇੱਥੇ ਪਹਿਲੀ ਵਾਰ ਮਿਲਦੀ ਹੈ।[20]ਪਵਿੱਤਰ ਲਿਖਤ ਦੇ ਪ੍ਰਮੇਸ਼ਵਰ ਦੀ ਪ੍ਰੇਰਣਾ ਬਾਰੇ ਹੋਣ ਦਾ ਇਹ ਠੋਸ ਹਵਾਲਾ ਹੈ।

[21]ਕੁਝ ਲੋਕਾਂ ਦਾ ਦਾਅਵਾ ਹੈ ਕਿ ਯਿਸੂ ਨੂੰ ਫੜਵਾਉਣ ਦੇ ਖ਼ਾਸ ਕੰਮ ਵਾਸਤੇ ਯਹੂਦਾ ਨੂੰ ਚੁਣਿਆ ਗਿਆ। ਭਲਾ ਪਤਰਸ ਨੂੰ ਵੀ ਚੁਣਿਆ ਗਿਆ ਸੀ ਕਿ ਉਹ ਮਸੀਹ ਦਾ ਇਨਕਾਰ ਕਰੇ? ਭਲਾ ਬਾਕੀ ਦੇ ਚੇਲਿਆਂ ਨੂੰ ਵੀ ਚੁਣਿਆ ਗਿਆ ਸੀ ਕਿ ਉਨ੍ਹਾਂ ਵਿੱਚੋਂ ਸਭ ਤੋਂ ਵੱਡਾ ਕੌਣ ਹੈ, ਇਸ ਬਾਰੇ ਉਹ ਆਪਸ ਵਿਚ ਬਹਿਸ ਕਰਨ? ਯਿਸੂ ਉਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਜਾਣਦਾ ਸੀ, ਪਰ ਉਹਨੇ ਉਨ੍ਹਾਂ ਦੀ ਖੂਬੀ ਵੀ ਵੇਖੀ। ਇਹ ਗੱਲ ਜਿਵੇਂ ਦੂਜਿਆਂ ਤੇ ਲਾਗੂ ਹੁੰਦੀ ਹੈ ਉਸੇ ਤਰ੍ਹਾਂ ਯਹੂਦਾ ਉੱਤੇ ਹੁੰਦੀ ਹੈ। ਹਰ ਸੰਕੇਤ ਹੈ ਕਿ ਯਹੂਦਾ ਵਿਚ ਕੁਝ ਕਰ ਸਕਣ ਦਾ ਮਾਦਾ ਸੀ। ਯਹੂਦੀਆ ਚੋਂ ਹੋਣ ਕਾਰਣ, ਸ਼ਾਇਦ ਉਨ੍ਹਾਂ ਸਾਰਿਆਂ ਨਾਲੋਂ ਜਿਹੜੇ ਗਲੀਲ ਵਿੱਚੋਂ ਸਨ (1:11) ਵੱਧ ਪੜ੍ਹਿਆ ਲਿਖਿਆ ਸੀ। ਯਿਸੂ ਨੇ ਜੋ ਸਤਕਾਰ ਉਸ ਨੂੰ ਦਿੱਤਾ ਉਸ ਦਾ ਇਸੇ ਗੱਲ ਤੋਂ ਪਤਾ ਲਗ ਜਾਂਦਾ ਹੈ ਕਿ ਉਸ ਨੂੰ ਯਿਸੂ ਅਤੇ ਉਹਦੇ ਚੇਲਿਆਂ ਦੇ ਧਨ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ (ਯੂਹੰਨਾ 12:6; 13:29)। [22]''ਮੁੱਢ ਤੋਂ ਹੀ ਸ਼ੈਤਾਨ'' ਵਾਕਾਂਸ਼ ਦੀ ਵਰਤੋਂ ਉਹ ਲੋਕ ਕਰਦੇ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਪ੍ਰਮੇਸ਼ਵਰ ਦੀ ਸੰਤਾਨ ਉਸ ਦੀ ਕਿਰਪਾ ਤੋਂ ਡਿੱਗ ਨਹੀਂ ਸਕਦੀ। ਯਿਸੂ ਨੇ ਯਹੂਦਾ ਨੂੰ ''ਸ਼ੈਤਾਨ'' ਸੀ ਕਿਹਾ (ਯੂਹੰਨਾ 6:70, 71), ਪਰ ਉਹਨੇ ਪਤਰਸ ਨੂੰ ਵੀ ''ਸ਼ੈਤਾਨ'' ਕਿਹਾ (ਮਰਕੁਸ 8:33); ਦੋਹਾਂ ਵਾਂਕਾਂ ਦੇ ਭਾਵ ਤੋਂ ਇਹ ਅਰਥ ਨਿੱਕਲਦਾ ਹੈ ਕਿ ਉਨ੍ਹਾਂ ਨੇ ਸ਼ੈਤਾਨ ਨੂੰ ਆਪਣੇ ਉੱਪਰ ਹਾਵੀ ਹੋਣ ਦਿੱਤਾ ਸੀ। ਬਾਈਬਲ ਦੱਸਦੀ ਹੈ ਕਿ ਸ਼ੈਤਾਨ ਨੇ ਯਹੂਦਾ ਦੇ ਮਨ ਵਿਚ ਪਾਇਆ ਕਿ ਉਹ ਉਹਨੂੰ ਫੜਵਾਏ ਅਤੇ ''ਸ਼ੈਤਾਨ ਉਹਦੇ ਵਿਚ ਸਮਾਇਆ'' (ਯੂਹੰਨਾ 13:2, 27)। ਪਰ ਬਾਈਬਲ ਇਹ ਨਹੀਂ ਕਹਿੰਦੀ ਕਿ ਯਹੂਦਾ ''ਮੁੱਢ ਤੋਂ ਹੀ ਸ਼ੈਤਾਨ'' ਸੀ।[23]ਬਹੁਤ ਸਾਰੇ ਆਧੁਨਿਕ ਅਨੁਵਾਦ ਇਸ ਦਾ ਸੰਕੇਤ 18 ਅਤੇ 19 ਆਇਤਾਂ ਨੂੰ ਬ੍ਰੈਕਟ ਵਿਚ ਰੱਖ ਕੇ ਦਿੰਦੇ ਹਨ। ਪੰਜਾਬੀ ਬਾਈਬਲ ਵਿਚ ਬ੍ਰੈਕਟ ਦੀ ਵਰਤੋਂ ਨਹੀਂ ਹੈ, ਪਰ ਇਨ੍ਹਾਂ ਆਇਤਾਂ ਦੇ ਸ਼ਬਦਾਂ ਨੂੰ ਇਸ ਢੰਗ ਨਾਲ ਲਿਖਿਆ ਗਿਆ ਹੈ ਕਿ ਜਿਸ ਤੋਂ ਇਹ ਸਪਸ਼ਟ ਹੋ ਜਾਵੇ ਕਿ ਉੱਥੇ ਪਤਰਸ ਨਹੀਂ ਬੋਲ ਰਿਹਾ ਸੀ। ਪਤਰਸ ਲਈ ਉੱਥੇ ਮੌਜੂਦ ਲੋਕਾਂ ਨੂੰ ਇਹ ਸਮਝਾਉਣ ਦੀ ਲੋੜ ਨਹੀਂ

ਸੀ ਕਿ ਯਹੂਦਾ ਦਾ ਕੀ ਹਾਲ ਹੋਇਆ। ਪਤਰਸ ਨੇ ਅਰਾਮੀ ਭਾਸ਼ਾ ਲਈ ''*ਉਨ੍ਹਾਂ ਦੀ ਭਾਸ਼ਾ*'' ਸ਼ਬਦ ਦੀ ਵਰਤੋਂ ਨਹੀਂ ਕਰਨੀ ਸੀ। ਉਹਦੇ ਸੁਣਨ ਵਾਲਿਆਂ ਨੂੰ ''ਹਕਲਦਮਾ'' ਦਾ ਅਰਥ ਦੱਸਣ ਦੀ ਲੋੜ ਵੀ ਨਹੀਂ ਸੀ। [24]ਇਹ ਅਰਾਮੀ ਭਾਸ਼ਾ ਦਾ ਸ਼ਬਦ ਹੈ। ਇਸ ਨੂੰ ''ਹ'' ਦੀ ਅਵਾਜ਼ ਨਾਲ ਅਤੇ ਉਹਦੇ ਬਿਨਾ ਵੀ ਲਿਖਿਆ ਜਾ ਸਕਦਾ ਹੈ। [25]ਜੋ ਲੋਕ ਬਾਈਬਲ ਨੂੰ ਪ੍ਰਮੇਸ਼ਵਰ ਦਾ ਵਚਨ ਨਹੀਂ ਮੰਨਦੇ ਉਹ ਇਹ ''ਸਾਬਤ'' ਕਰਨ ਲਈ ਕਿ ''ਬਾਈਬਲ ਆਪਣੇ ਆਪ ਵਿਚ ਹੀ ਉਲਝਦੀ ਹੈ'' ਇਨ੍ਹਾਂ ਦੋ ਵਿਰਤਾਂਤਾਂ ਦੀ ਵਰਤੋਂ ਕਰਦੇ ਹਨ। ਜਦਕਿ ਹਰੇਕ ਵਿਰਤਾਂਤ ਵਿਚ ਉਹ ਗੱਲ ਵਿਸਤਾਰ ਨਾਲ ਦੱਸੀ ਗਈ ਹੈ ਜਿਹੜੀ ਦੂਜੇ ਵਿਚ ਨਹੀਂ ਹੈ, ਉਦਾਹਰਣ ਲਈ ਮੱਤੀ 27:6, 7 ਦੱਸਦਾ ਹੈ ਕਿ ਜਾਜਕਾਂ ਨੇ ਖੇਤ ਮੁੱਲ ਲਿਆ ਜਦ ਕਿ ਰਸੂਲਾਂ ਦੇ ਕੰਮ ਅਧਿਆਇ 1 ਵਿਚ ਦੱਸਿਆ ਗਿਆ ਹੈ ਕਿ ਯਹੂਦਾ ਨੇ ਲਿਆ। ਦੋਹਾਂ ਵਿਰਤਾਂਤਾਂ ਨੂੰ ਮਿਲਾਉਣ ਤੇ, ਸਾਨੂੰ ਸਮਝ ਆਉਂਦਾ ਹੈ ਕਿ ਜਾਜਕਾਂ ਨੇ ਯਹੂਦਾ ਦੇ ਧਨ ਨਾਲ ਉਹ ਖੇਤ ਮੁੱਲ ਲਿਆ। ਇਸ ਤਰ੍ਹਾਂ ਕਾਨੂੰਨੀ ਤੌਰ ਤੇ ਉਹ ਖੇਤ ਯਹੂਦਾ ਦਾ ਹੀ ਸੀ। ਫਿਰ ਮੱਤੀ 27:8 ਵਿਚ ਉਹ ਖੇਤ ''ਲਹੂ ਦਾ ਖੇਤ ਕਹਾਉਂਦਾ ਹੈ'' ਹੈ, ਕਿਉਂਕਿ ਇਸ ਨੇ ਯਹੂਦਾ ਦਾ ਲਹੂ ਸਿੰਜ ਲਿਆ ਸੀ। ਮੱਤੀ ਇਕ ਗੱਲ ਦੱਸਦਾ ਹੈ, ਅਤੇ ਲੂਕਾ ਉਹਦੇ ਨਾਲ ਦੀ ਦੂਜੀ ਵੀ ਦੱਸਦਾ ਹੈ। [26]ਯਹੂਦਾ ਨੂੰ ਉਹ ਧਨ ਯਿਸੂ ਨੂੰ ਫੜਵਾਉਣ ਲਈ ਦਿੱਤਾ ਗਿਆ ਸੀ (ਮੱਤੀ 26:15)। [27]ਯਹੂਦਾ ਨੇ ਰੱਸੀ ਜਾਂ ਅਜਿਹੀ ਕਿਸੇ ਹੋਰ ਚੀਜ਼ ਨਾਲ ਫਾਹਾ ਲਾ ਲਿਆ ਹੋਵੇਗਾ। [28]ਘੁਮਿਆਰ ਦਾ ਖੇਤ ਉਸ ਖੇਤ ਨੂੰ ਕਿਹਾ ਗਿਆ ਹੈ ਜਿੱਥੋਂ ਮਿੱਟੀ ਦੇ ਭਾਂਡੇ ਬਣਾਉਣ ਵਾਲਾ ਮਿੱਟੀ ਲੈਂਦਾ ਸੀ। ਘੁਮਿਆਰ ਦੁਆਰਾ ਉਸ ਖੇਤ ਨੂੰ ਵਰਤ ਲੈਣ ਦੇ ਬਾਅਦ ਬੁਨਿਆਦੀ ਤੌਰ ਤੇ ਉਹ ਖੇਤ ਕਿਸੇ ਕੰਮ ਦਾ ਨਹੀਂ ਰਹਿੰਦਾ ਸੀ। (ਅੱਜ ਇਸ ਦੀ ਤੁਲਨਾ ਉਸ ਇਲਾਕੇ ਨਾਲ ਕੀਤੀ ਜਾ ਸਕਦੀ ਹੈ ਜਿੱਥੇ ਖਾਣਾਂ ਵਿੱਚੋਂ ਖਣਿਜ ਕੱਢ ਲਿਆ ਗਿਆ ਹੋਵੇ ਅਤੇ ਉਹ ਬੇਕਾਰ ਪਿਆ ਹੋਵੇ।) ਇਹਦੇ ਇਲਾਵਾ ਇਹ ਵੀ ਹੋ ਸਕਦਾ ਹੈ ਕਿ ਉਸ ਥਾਂ ਤੇ ਯਹੂਦਾ ਦੀਆਂ ਹੱਡੀਆਂ ਖਿੱਲਰੀਆਂ ਪਈਆਂ ਹੋਣ ਜਿਸ ਨਾਲ ਉਸ ਖੇਤ ਦੀ ਕੀਮਤ ਹੋਰ ਵੀ ਘਟ ਗਈ ਹੋਵੇ ਅਤੇ ਉਸ ਨੂੰ ਚਾਂਦੀ ਦੇ ਤੀਹ ਸਿੱਕਿਆਂ ਨਾਲ ਖਰੀਦਿਆ ਜਾ ਸਕਿਆ। ਅੱਜ ਵੀ ਉਨ੍ਹਾਂ ਕਬਰਿਸਤਾਨਾਂ ਨੂੰ ਜਿੱਥੇ ਗਰੀਬ ਲੋਕ ਜਾਂਦੇ ਹਨ, ਕਈ ਵਾਰ ''ਘੁਮਿਆਰ ਦੇ ਖੇਤ'' ਕਿਹਾ ਜਾਂਦਾ ਹੈ। ਇਹ ਅਰਥਾਵਲੀ ਮੱਤੀ 27:7 ਵਿੱਚੋਂ ਲਈ ਗਈ ਹੈ। [29]ਕੁਝ ਭਵਿੱਖਬਾਣੀਆਂ ਵਿਚ ਭਵਿੱਖ ਦੀਆਂ ਘਟਨਾਵਾਂ ਬਾਰੇ ਸਪਸ਼ਟ ਦੱਸਿਆ ਗਿਆ ਹੈ (ਵੇਖੋ 2:16)। ਕੁਝ ਵਿਚ ਇਨ੍ਹਾਂ ਨੂੰ ਭਵਿੱਖ ਦੇ ਪ੍ਰਤੀਰੂਪ ਵਿਚ ਵਿਖਾਇਆ ਗਿਆ (ਤੁਲਨਾ ਇਬਰਾਨੀਆਂ 8:5; 10:1)। ਇਸ ਗੱਲ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਮੈਨੂੰ ਜਾਂ ਤੁਹਾਨੂੰ ਇਹ ਵਿਆਖਿਆ ਕਰਨ ਦਾ ਹੱਕ ਨਹੀਂ ਕਿ ਭਵਿੱਖਬਾਣੀ ਕਿਹੜੀ ਹੈ ਅਤੇ ਨਾ ਹੀ ਇਹ ਕਿ ਭਵਿੱਖਬਾਣੀ ਦਾ ਪੂਰਾ ਹੋਣਾ ਕੀ ਹੈ। ਦੂਜੇ ਪਾਸੇ, ''ਪਵਿੱਤਰ ਆਤਮਾ ਜੇ ਚਾਹੇ ਤਾਂ ਉਹਦੀ ਵਿਆਖਿਆ ਕਰ ਸਕਦਾ ਹੈ।'' [30]ਅੱਜ ਬਹੁਤ ਸਾਰੇ ਧਾਰਮਿਕ ਗੁੱਟਾਂ ਵਿਚ ਲੋਕ ਆਪਣੇ ਆਪ ਨੂੰ ਉਨ੍ਹਾਂ ਬਾਰ੍ਹਾਂ ਦੇ ਉੱਤਰਾਧਿਕਾਰੀ ਦੱਸਦੇ ਹਨ, ਪਰ ਉਨ੍ਹਾਂ ਵਿਚ ਉਹ ਯੋਗਤਾਵਾਂ ਨਹੀਂ ਪਾਈਆਂ ਜਾਂਦੀਆਂ।

[31]ਮੂਲ ਵਿਚ 1:21 ਲਈ ਇਕ ਆਂਸ਼ਕ ਰੂਪ ਵਿਚ (*anthropos*) *ਐਂਥਰੋਪਾਸ* ਨਹੀਂ ਸਗੋਂ ਨਿਸ਼ਚਿਤ (*aner*) *ਅਨੇਰ* ਹੈ। ('ਪੁਰਖ' ਜਿਵੇਂ 'ਔਰਤ' ਤੋਂ ਫ਼ਰਕ ਹੈ)।[32]ਇਸ ਯੋਗਤਾ ਦੇ ਸਬੰਧ ਵਿਚ, ਗਵਾਹ ਦਾ ''ਉੱਤਰਾਧਿਕਾਰੀ'' ਹੋਣਾ ਨਾਮੁਕਿਨ ਹੈ। ਅਸੀਂ ਫੇਰ ਆਖਦੇ ਹਾਂ ਕਿ ਇਹ ਯੋਗਤਾਵਾਂ ਅੱਜ ਕਿਸੇ ਵਿਚ ਵੀ ਨਹੀਂ ਮਿਲਦੀਆਂ। [33]''ਬਰਸੱਬਾਸ'' ਦਾ ਮੂਲ ਅਰਥ ਹੈ ''ਸਬਾ ਦਾ ਬੇਟਾ।'' ਸ਼ਾਇਦ ਇਸ ਨਾਮ ਦਾ ਅਰਥ ''ਸੱਬਤ ਦਾ ਬੇਟਾ'' ਹੈ। ਇਹਦਾ ਇਹ ਉਪਨਾਮ ਸ਼ਾਇਦ ਇਸ ਲਈ ਸੀ ਕਿਉਂਕਿ ਉਹਦਾ ਜਨਮ ਸੱਬਤ ਦੇ ਦਿਨ ਹੋਇਆ ਸੀ। 15:22 ਵਿਚ ਇਸੇ ਉਪਨਾਮ ਵਾਲੇ ਇਕ ਹੋਰ ਆਦਮੀ ਦਾ ਜ਼ਿਕਰ ਹੈ। ਹੋ ਸਕਦਾ ਹੈ ਕਿ ਇਹ ਉਪਨਾਮ ਉਸ ਸਮੇਂ ਉੱਥੇ ਆਮ ਹੋਵੇ। ਜਿਵੇਂ ''ਛੋਟੂ'' ਜਾਂ ''ਰਾਜੂ'' ਅਤੇ ਕੋਈ ਹੋਰ ਅਜਿਹਾ ਨਾਮ। ਇਹ ਮੰਨਣ ਦਾ ਕੋਈ ਕਾਰਣ ਨਹੀਂ ਹੈ ਕਿ ਇਨ੍ਹਾਂ ਦੋਹਾਂ ਦਾ ਆਪਸ ਵਿਚ ਕੋਈ ਸਬੰਧ ਸੀ। [34]''ਯੂਸਫ਼'' ਉਹਦਾ ਇਬਰਾਨੀ ਨਾਮ ਸੀ ਅਤੇ ''ਯੂਸਤੁਸ'' ਉਹਦਾ ਯੂਨਾਨੀ ਨਾਮ ਸੀ। ਲੋਕਾਂ ਦੇ ਨਾਮ ਆਮ ਤੌਰ ਤੇ ਇਕ ਦੋ ਵੱਧ ਹੁੰਦੇ ਸਨ।[35]ਯੂਸਫ਼ ਬਰਸੱਬਾਸ ਦੇ ਬਾਰੇ ਬਹੁਤ ਸਾਰੀਆਂ ਪਰੰਪਰਾਵਾਂ ਮਿਲਦੀਆਂ ਹਨ। ਇਕ ਦੇ ਮੁਤਾਬਕ ਉਹਨੇ ਸੱਪ ਦਾ ਜ਼ਹਿਰ ਪੀ ਲਿਆ ਅਤੇ ਉਹਨੂੰ ਕੁਝ ਨਹੀਂ ਹੋਇਆ। ਇਕ ਹੋਰ ਦੇ ਮੁਤਾਬਕ ਉਹ ਨੀਰੋ ਦੀ ਕੈਦ ਵਿਚ ਰਿਹਾ ਅਤੇ ਬਾਅਦ ਵਿਚ ਛੁੱਟ ਗਿਆ। ਪਰ ਬਾਈਬਲ ਵਿਚ ਉਹਦੇ ਬਾਰੇ ਜ਼ਿਆਦਾ ਨਹੀਂ ਦੱਸਿਆ ਗਿਆ। ਲੂਕਾ ਦੁਆਰਾ ਉਸ ਦੀ ਪਛਾਣ ਕਰਵਾਉਣ ਦੇ ਬਾਅਦ ਅਸੀਂ ਇਹ ਨਿਚੋੜ ਕੱਢਦੇ ਹਾਂ ਭਾਵੇਂ ਉਹ ਉਨ੍ਹਾਂ ਬਾਰ੍ਹਾਂ ਵਾਂਗ ਨਹੀਂ ਚੁਣਿਆ ਗਿਆ ਸੀ, ਪਰ ਪਹਿਲੀ ਕਲੀਸੀਆ ਵਿਚ ਉਹ ਇਕ ਮਹੱਤਵਪੂਰਣ ਵਿਅਕਤੀ ਬਣ ਗਿਆ ਸੀ। ਇੱਥੇ ਸਾਡੇ ਲਈ ਸਿੱਖਿਆ ਹੈ: ਰਸੂਲ ਨਾ ਚੁਣੇ ਜਾਣ ਤੇ ਯੂਸਫ਼ ਬਰਸੱਬਾਸ ਨਾ ਤਾਂ ਕ੍ਰੋਧ ਵਿਚ ਆਇਆ ਅਤੇ ਨਾ ਹੀ ਛੱਡ ਕੇ ਗਿਆ! [36]ਹਾਲ ਹੀ ਦੇ ਕੁਝ ਸਾਲਾਂ ਵਿਚ ਮੈਂ ਕਈ ਅਜਿਹੇ ਲੋਕਾਂ ਨੂੰ ਮਿਲਿਆ ਹਾਂ ਜਿਨ੍ਹਾਂ ਨੂੰ ਇਹ ਸੋਚਣਾ ਚੰਗਾ ਲਗਦਾ ਹੈ ਕਿ ਯਹੂਦਾ ਬਚਾਇਆ ਗਿਆ ਹੋ ਸਕਦਾ ਹੈ। ਇਕ ਆਦਮੀ ਜ਼ਿਦ ਕਰ ਰਿਹਾ ਸੀ ਕਿ ਉਹਦੇ ਫੜਵਾਏ ਜਾਣ ਬਾਰੇ ਤਾਂ ਪਹਿਲਾਂ ਹੀ ਦੱਸਿਆ ਗਿਆ ਸੀ ਇਸ

ਲਈ ਇਹਦੇ ਲਈ ਯਹੂਦਾ ਨੂੰ ਦੋਸ਼ੀ ਨਹੀਂ ਮੰਨਿਆ ਜਾ ਸਕਦਾ। ਅਧਿਆਇ 2 ਵਿਚ ਪਤਰਸ ਨੇ ਯਹੂਦੀਆਂ ਨੂੰ ਦੱਸਿਆ ਕਿ ਯਿਸੂ ਦੀ ਮੌਤ ਬਾਰੇ ਪਹਿਲਾਂ ਹੀ ਦੱਸਿਆ ਤਾਂ ਗਿਆ ਸੀ, ਪਰ ਫਿਰ ਵੀ ਉਹ ਉਹਨੂੰ ਮਾਰਨ ਦੇ ਦੋਸ਼ੀ ਸਨ। ਯਹੂਦਾ ਦੇ ਅੰਤ ਬਾਰੇ ਯਿਸੂ ਦੇ ਕਥਨ ਸਾਰੇ ਸ਼ੱਕ ਦੂਰ ਕਰ ਦਿੰਦੇ ਹਨ। ਵੇਖੋ ਮੱਤੀ 26:24; ਯੂਹੰਨਾ 17:12. [37]ਕਮੈਂਟਰੀਆਂ ਵਿਚ ਇਸ ਤਰੀਕੇ ਬਾਰੇ ਕਈ ਸੁਝਾਅ ਦਿੱਤੇ ਗਏ ਹਨ। ਕਈਆਂ ਦਾ ਸੁਝਾਅ ਹੈ ਕਿ ਇਸ ਢੰਗ ਵਿਚ ਸਫ਼ੇਦ ਅਤੇ ਕਾਲੇ ਪੱਥਰ ਵਰਤੇ ਜਾਂਦੇ ਸਨ। ਕੁਝ ਸੁਝਾਅ ਇਸ ਨੂੰ ਮਹਾਯਾਜਕ ਰਾਹੀਂ ਵਰਤੇ ਜਾਣ ਵਾਲੇ ਊਰੀਮ ਅਤੇ ਤੁੰਮੀਮ ਨਾਲ ਮਿਲਾਉਂਦੇ ਹਨ। ਇਹ ਸਭ ਕਿਆਫ਼ੇ ਹਨ। ਪਰ ਬਾਈਬਲ ਦੱਸਦੀ ਹੈ ਕਿ ''ਉਨ੍ਹਾਂ ਨੇ ਚਿੱਠੀਆਂ ਪਾਈਆਂ'' ਤਾਂ ਓਸੇ ਅਧਾਰ ਤੇ ਅਸੀਂ ਚਿੱਠੀਆਂ ਪਾਉਣ ਦੇ ਢੰਗ ਨੂੰ ਕੱਢ ਸਕਦੇ ਹਾਂ।[38]ਜੇ ਤੁਹਾਡੇ ਇਲਾਕੇ ਵਿਚ ਕੋਈ ਹੋਰ ਢੰਗ ਅਪਣਾਇਆ ਜਾਂਦਾ ਹੋਵੇ ਤਾਂ ਤੁਸੀਂ ਉਸ ਨੂੰ ਧਿਆਨ ਵਿਚ ਰੱਖ ਸਕਦੇ ਹੋ। [39]ਲੇਵੀਆਂ ਦੀ ਪੋਥੀ 16:8; ਗਿਣਤੀ 26:56. ਯਹੋਸ਼ੁਆ 7 ਵਿਚ ਵੀ ਲਗਭਗ ਅਜਿਹਾ ਹੀ ਮੌਕਾ ਸੀ ਜਦ ਇਹ ਢੰਗ ਅਪਣਾਇਆ ਗਿਆ। ਕਈ ਤਾਂ ਮਹਾਯਾਜਕ ਰਾਹੀਂ ਵਰਤੇ ਜਾਣ ਵਾਲੇ ਊਰੀਮ ਅਤੇ ਤੁੰਮੀਮ ਵਾਲਾ ਢੰਗ ਹੀ ਵਰਤਦੇ ਹੋਣਗੇ। [40]ਇਹ ''ਪੁਰਾਣੇ ਯੁੱਗ ਦਾ ਆਖ਼ਰੀ ਕੰਮ'' ਸੀ (ਰਿੱਕ ਐਚਲੇ)।

[41]ਅਜਿਹੇ ਫ਼ੈਸਲੇ ਲੈਣੇ ਪੈਣ ਜਿਨ੍ਹਾਂ ਦਾ ਜ਼ਿਕਰ ਪ੍ਰਮੇਸ਼ਵਰ ਦੇ ਵਚਨ ਵਿਚ ਨਹੀਂ ਹੈ, ਤਾਂ ਵੀ ਉਸ ਦੇ ਵਚਨ ਨੂੰ ਸਿੱਖਣ ਦੇ ਢੰਗ ਦੀ ਵਰਤੋਂ ਨੂੰ ਉਸ ਦੀ ਮੰਜ਼ੂਰੀ ਹੈ, ਜਿਵੇਂ ਕਿ ਬਾਲਗ ਮਸੀਹੀ ਸਾਥੀਆਂ ਨਾਲ ਗੱਲ ਕਰਨਾ ਜਾਂ ''ਰਾਹ ਖੁੱਲ੍ਹਣ'' ਦੀ ਇੱਛਾ ਕਰਨਾ (1 ਕੁਰਿੰਥੀਆਂ 1:6-9)। ਮਹੱਤਵਪੂਰਣ ਫ਼ੈਸਲੇ ਨੂੰ ਕਿਸਮਤ ਦੇ ਸਹਾਰੇ ਛੱਡਣਾ, ਫ਼ੈਸਲਾ ਲੈਣ ਦੀ ਆਪਣੀ ਜ਼ਿੰਮੇਵਾਰੀ ਤੋਂ ਖਹਿੜਾ ਛੁਡਾਉਣਾ ਹੈ।[42]ਹੈਰਾਨੀ ਦੀ ਗੱਲ ਹੈ ਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਰਸੂਲਾਂ ਨੇ ਮਥਿਆਸ ਨੂੰ ਚੁਣ ਕੇ *ਗਲਤੀ* ਕੀਤੀ ਸੀ। ਅਤੇ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਖ਼ੁਦਾ ਨੇ ਤਾਂ ਪੌਲੁਸ ਨੂੰ ਬਾਰ੍ਹਵਾਂ ਰਸੂਲ ਚੁੱਣਿਆ। ਪਰ ਜੋ ਯੋਗਤਾਵਾਂ ਪਤਰਸ ਨੇ ਦੱਸੀਆਂ ਉਹ ਪੌਲੁਸ ਵਿਚ ਨਹੀਂ ਸਨ। (ਉਹ ਯਿਸੂ ਦੇ ਨਾਲ ਅਤੇ ਉਹਦੇ ਚੇਲਿਆਂ ਦੇ ਨਾਲ ਨਹੀਂ ਰਿਹਾ ਸੀ) ਪੌਲੁਸ ਇਕ ਰਸੂਲ *ਸੀ* (ਜਿਵੇਂ ਉਸ ਨੇ ਆਪਣੀਆਂ ਕਈ ਪੱਤਰੀਆਂ ਦੇ ਸ਼ੁਰੂ ਵਿਚ ਜ਼ੋਰ ਦੇ ਕੇ ਕਿਹਾ ਹੈ), ਸਗੋਂ ਉਹ ਤਾਂ ਖ਼ਾਸ ਰਸੂਲ *ਸੀ*-ਜਿਸ ਨੂੰ ਗੈਰ ਕੌਮਾਂ ਲਈ ਚੁਣਿਆ ਗਿਆ। ਕਿਉਂਕਿ ''ਰਸੂਲਾਂ ਦੇ ਕੰਮ'' ਕਿਤਾਬ ਦਾ ਅਧਿਆਇ 1 ਘਟਨਾ ਦੇ ਘੱਟੋ ਘੱਟ ਤੀਹ ਸਾਲ ਬਾਅਦ ਲਿਖਿਆ ਗਿਆ ਅਤੇ ਪੌਲੁਸ ਨੂੰ ਰਸੂਲ ਬਹੁਤ ਦੇਰ ਬਾਅਦ ਚੁਣਿਆ ਗਿਆ ਸੀ, ਇਸ ਲਈ ਲੂਕਾ ਨੂੰ ਅਸਾਨੀ ਨਾਲ ਆਪਣੀ ਗਲਤੀ ਸਮਝ ਆ ਸਕਦੀ ਸੀ। ਪਰ ਉਹਨੇ ਕੋਈ ਗਲਤੀ ਨਹੀਂ ਕੀਤੀ ਸੀ। ਮਥਿਆਸ ''ਉਨ੍ਹਾਂ ਗਿਆਰਾਂ ਦੇ ਨਾਲ ਗਿਣਿਆ ਗਿਆ''; ਉਹ ''ਉਨ੍ਹਾਂ ਦੀ ਗਿਣਤੀ ਵਿਚ'' ਆ ਗਿਆ, ਉਹ ਬਾਰਾਂ ਵਿੱਚੋਂ ਇਕ ਹੋ ਗਿਆ।[43]ਇਕ ਰਵਾਇਤ ਮੁਤਾਬਕ ਉਹ ਉਨ੍ਹਾਂ ਸੱਤਰਾਂ ਵਿੱਚੋਂ ਸੀ (ਲੂਕਾ 10:1)। ਇਹ ਹੋ ਵੀ ਸਕਦਾ ਹੈ, ਕਿਉਂਕਿ ਰਸੂਲਪੁਣੇ ਲਈ ਉਸੇ ਆਦਮੀ ਨੂੰ ਚੁਣਿਆ ਜਾਣਾ ਸੀ ਜਿਹੜਾ ਯਿਸੂ ਦੀ ਸੇਵਕਾਈ ਵਿਚ ਉਹਦੇ ਨਾਲ ਨਾਲ ਰਿਹਾ ਹੋਵੇ।[44]ਰਸੂਲਾਂ ਨੂੰ ਫੇਰ ਤੋਂ ''ਬਾਰਾਂ'' ਕਰ ਕੇ ਜਾਣਿਆ ਜਾਣ ਲੱਗਾ (ਰਸੂਲਾਂ ਦੇ ਕੰਮ 6:2)।